# ਵਰਿਆਮ

ਜੁਲਾਈ ੧੯੯੩ ੨/-

## ਸਾਡੀ ਮਜਬੂਰੀ

ਹਥਲਾ ਅੰਕ ਇਕ ਵਿਸ਼ੇਸ਼ ਅੰਕ ਹੋਣਾ ਸੀ। ਸਾਡੇ ਕੋਲ ਅਫਰੀਕਾ ਦੇ ਦੇਸ਼ ਕੀਨੀਆ ਬਾਰੇ ਅਤੇ ਉਥੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੌਰੇ ਬਾਰੇ ਤਸਵੀਰਾਂ ਦਾ ਇਕ ਵਿਸ਼ੇਸ਼ ਸੈਟ ਤਿਆਰ ਸੀ ਅਤੇ ਰਿਪੋਰਟ ਪਹੁੰਚ ਰਹੀ ਸੀ। ਇਸ ਤੋਂ ਇਲਾਵਾ ਬੈਂਕਾਕ ਵਿਚ ਹੋ ਰਹੇ ਵਿਸ਼ਵ ਪੰਜਾਬੀ ਸੰਮੇਲਨ ਬਾਰੇ ਵੀ ਅਸੀਂ ਵਿਸ਼ੇਸ਼ ਮੈਟਰ ਪ੍ਰਕਾਸ਼ਤ ਕਰਨ ਵਾਲੇ ਸੀ। ਮੰਡੀ ਵਿਖੇ ਹੋ ਰਹੇ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਉਨੀਵੇਂ ਸਲਾਨਾ ਸਮੇਲਨ ਤੇ ਵੀ ਖ਼ਾਸ ਮਜ਼ਮੂਨ ਤਸਵੀਰਾਂ ਸਹਿਤ ਅਸੀਂ ਪਾਠਕਾਂ ਦੇ ਰੂਬਰੂ ਪੇਸ਼ ਕਰਨਾ ਸੀ। ਪਰ ਜਲੰਧਰ ਵਿਚ ਹਾਲਾਤ ਐਸੇ ਹੋ ਗਏ ਕਿ ਸਾਡੇ ਵਾਸਤੇ ਇਹ ਅੰਕ ਤੁਹਾਡੇ ਤਕ ਪਹੁੰਚਾਣਾ ਵੀ ਮੁਸ਼ਕਲ ਹੋ ਗਿਆ। ਇਥੇ ਕਰਫਿਊ ਲਗਾ ਰਿਹਾ ਡਾਕ ਦੀ ਆਵਾਜਾਈ ਠੱਪ, ਕੰਮ ਕਾਰ ਬੰਦ ਅਤੇ ਲੋਕ ਘਰਾਂ ਵਿਚ ਬੰਦ ਰਹੇ।

ਸਗੋਂ ਇਸ ਵਾਰ 'ਬੀਤੇ ਦੀਆਂ ਪੈੜਾਂ' ਦਾ ਸਿਲਸਲੇਵਾਰ ਫੀਚਰ ਵੀ ਪ੍ਰਕਾਸ਼ਤ ਨਹੀਂ ਹੋ ਸਕਿਆ। ਇਹ ਹੈਰਾਨੀ ਵਾਲੀ ਗੱਲ ਹੀ ਹੈ ਕਿ ਤੁਹਾਡੇ ਹੱਥਾਂ ਵਿਚ ਵਰਿਆਮ ਪੁਜ ਰਿਹਾ ਹੈ। ਆਪਣੇ ਸਾਦਾ ਰੂਪ ਵਿਚ ਪਰ ਗੰਭੀਰ ਸਾਮਗਰੀ ਲੈ ਕੇ। ਆਸ ਹੈ ਪਾਠਕ ਸਾਡੀ ਮਜਬੂਰੀ ਨੂੰ ਸਮਝਦੇ ਹੋਏ ਇਸ ਦਾ ਸੁਆਗਤ ਕਰਨਗੇ।

ਪੰਜਾਬ ਵਿਚ ਹਿੰਸਕ ਵਾ ਅਜੇ ਹਨੇਰੀ ਤਾਂ ਨਹੀਂ ਬਣੀ ਪਰ ਹਿੰਸਕ ਫਿਰਕੂ ਵਾਵਰੋਲੇ ਜ਼ਬਰਦਸਤ ਚਲ ਰਹੇ ਹਨ। ਭਾਵੇਂ ਪਟਿਆਲਾ, ਮਲੇਰਕੋਟਲਾ ਅਤੇ ਜਲੰਧਰ ਇਸ ਦੀ ਲਪੇਟ 'ਚ ਆ ਚੁਕੇ ਹਨ ਪਰ ਬੁਨਿਆਦੀ ਤੌਰ ਤੇ ਹਿੰਦੂ ਸਿਖਾਂ ਦੀ ਸਾਂਝ ਅਡੋਲ ਰਹੀ ਹੈ ਅਤੇ ਸਾਡੀ ਅਰਦਾਸ ਹੈ ਕਿ ਸਭ ਫਿਰਕੇ ਧਰਮ ਅਤੇ ਜਾਤੀਆਂ ਇਕ ਗੁਲਦਸਤੇ ਦੇ ਰੂਪ ਵਿਚ ਹੀ ਭਾਰਤ ਦੀ ਸੋਭਾ ਵਧਾਉਣ।

—ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਮਾਸਿਕ

# ਵਰਿਆਮ

ਜੁਲਾਈ
੧੯੮੩

ਜਿਲਦ ਨ: ੮ ਅੰਕ ਨ: ੯

ਸੰਪਾਦਕ । ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ । ੨-੦੦ ਰੁਪਿਆ
ਸਾਲਾਨਾ ਚੰਦਾ ਦੇਸ । ੨੦ ਰੁਪਏ
" " ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ
" " ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੩੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧,
ਫੋਨ । ੭੨੫੦੪ ਪੀ, ਪੀ

Office Address
Monthly WARIAM
(Punjabi)
Ladowali Road
Jalandhar-144001
Phone : 72504 PP

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ।

IATA

GOLDEN HOLIDAYS

To

Thailand, Malayasia, Singapore, Hongkong, Japan, Europe & U.S.A.

TRAVEL WITHOUT WORRY

TRAVEL THE KWICK WAY

We assist in Passports, Visas, Planning your itineraries Reservations, Air Tickets International & Domestic, Hotels & Car Hire.

for all your Travel & Tour requirements

Contat :

Kwick TRAVELS PVT. LTD.
TRAVEL AGENTS & TOUR OPERATORS
2108, Desh Bandhu Gupta Road,
Karol Bagh, New Delhi-110005.
Phone : 562588, 569206, 579646, 579648
Cable : KWICKAIR.



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12/Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE




Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

## MODERN GUN WORKS

Opp. Industrial Estate,
JAMMU CANTT.

With best compliments from :-

## *NAMDHARI BROTHERS*

Prop S AJIT SINGH
*Main Bazar, DALTONGANJ (Bihar)*
Dealers : KIRLOSKAR DIESEL ENGINE P. S. G. ELECTRIC MOORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji Elibrary NamdhariElibrary@gmail.com

# 'ਵਿਚਿ ਦੁਨੀਆ ਸੇਵ ਕਮਾਈਐ'

ਅਠਾਰਾਂ ਜੂਨ ਦੀ ਸੜਦੀ ਦੁਪਹਿਰ ਨੂੰ ਮੈਂ ਕਟਾਣੀ ਦੇ ਅੱਡੇ ਉਤਰਿਆ। ਸੜਕ ਦੀ ਲੁਕ ਗਰਮੀ ਕਾਰਨ ਤੇਲ ਹੋਈ ਪਈ ਸੀ। ਜਾਪਦਾ ਸੀ ਸੂਰਜ ਖੜੇ ਖੜੋਤੇ ਲੋਕ ਕਬਾਬ ਕਰ ਦੇਵੇਗਾ। ਦੂਰ ਦੂਰ ਤੱਕ ਕੋਈ ਪੰਛੀ ਨਜ਼ਰ ਨਹੀਂ ਸੀ ਪੈ ਰਿਹਾ। ਭੈਣੀ ਸਾਹਿਬ ਦਾ ੨ ਕਿਲੋਮੀਟਰ ਦਾ ਫਾਸਲਾ ਵੀ ਪਹਾੜ ਹੋਇਆ ਪਿਆ ਸੀ। ਮੇਰਾ ਤਰੇਹ ਨਾਲ ਸੰਘ ਦੁਖਣ ਲਗ ਪਿਆ ਸੀ ਅਤੇ ਸਰੀਰ ਨਿਢਾਲ ਹੋ ਚੁਕਾ ਸੀ। ਕਟਾਣੀ ਅੱਡੇ ਤੇ ਸੋਢੇ ਦੀਆਂ ਬੋਤਲਾਂ ਲੂਹੀਆਂ ਜਾਪਦੀਆਂ ਸਨ। ਭਾਵੇਂ ਇਕ ਬੂੰਦ ਪਾਣੀ ਨੂੰ ਵੀ ਮਨ ਤਰਸ ਰਿਹਾ ਸੀ ਪਰ ਭੈਣੀ ਸਾਹਿਬ ਦੇ ਸੰਸਕਾਰ ਹਾਵੀ ਹੋ ਗਏ ਸਨ। ਫੈਸਲਾ ਕਰ ਲਿਆ ਕਿ ਸਿਰੜ ਨਿਭਾਵਾਂਗੇ ਅਤੇ ਪਾਣੀ ਦਾ ਘੁੱਟ ਸ੍ਰੀ ਭੈਣੀ ਸਾਹਿਬ ਦੀਆਂ ਖੂਹੀਆਂ ਤੋਂ ਹੀ ਪੀਵਾਂਗੇ। ਗਰਮੀਓਂ ਲੁਕਦੇ ਰਿਕਸ਼ੇ ਵਾਲਿਆਂ ਨੂੰ ਦੂਣੇ ਭਾਅ ਜਾਣ ਲਈ ਮਨਾਇਆ। ਸੰਗਤਾਂ ਦੇ ਭਰੇ ਰਿਕਸ਼ੇ ਅਜੇ ਕਟਾਣੀ ਦੀਆਂ ਦੁਕਾਨਾਂ ਛੱਡ ਕੇ ਅਗੇ ਵਧੇ ਹੀ ਸਨ ਕਿ ਖਬੇ ਪਾਸੇ ਖੂਹ ਤੇ ਬੈਠੇ ਇਕ ਨਾਮਧਾਰੀ ਸਾਧ ਨੇ ਅਤਿ ਦੀ ਅਧੀਨਗੀ ਨਾਲ ਹੱਥ ਜੋੜ ਕੇ ਰੋਕ ਲਿਆ। ਸਾਧ ਤਖਤ ਪੋਸ਼ ਉਤੇ ਟੱਪ, ਬਾਲਟੀਆਂ ਅਤੇ ਗਲਾਸ ਰੱਖ ਕੇ ਬੈਠਾ ਸੀ। ਪਰਸੰਨਤਾ ਭਰੀ ਹੈਰਾਨੀ ਨਾਲ ਅੰਦਾਜ਼ਾ ਹੋਇਆ ਕਿ ਸਿਖ ਪਾਣੀ ਪਿਲਾਵੇਗਾ। ਹਾਂ ਠੀਕ ਹੀ ਇਹ ਜਲ ਦੀ ਹੀ ਛਬੀਲ ਸੀ। ਇਹ ਸ੍ਰਿਖ ਸਤਿਗੁਰੂ ਦਾ ਰੂਪ ਹੀ ਲਗਿਆ। ਸਿਖ ਦਾ ਦਿਤਾ ਪਾਣੀ ਬੁਲਾਂ ਨੂੰ ਲਾਉਂਦਿਆਂ ਹੀ ਜੁਗਾਂ ਦੀ ਪਿਆਸ ਤ੍ਰਿਪਤ ਹੋ ਗਈ।...ਸਾਦਾ ਜਲ ਵੀ ਅੰਮ੍ਰਿਤ ਬੂੰਦ ਸੁਹਾਵਣੀ ਹੋਣਾ ਸੀ ਪਰ ਇਹ ਤਾਂ ਮਿਠੇ ਵਾਲਾ ਸ਼ਰਬਤ ਸੀ। ਕ੍ਰਿਤੱਗ ਹੋਇਆਂ ਜਦ ਪਾਣੀ ਪੀ ਕੇ ਸ਼ਾਂਤੀ ਪ੍ਰਾਪਤ ਕਰ ਲਈ ਤਾਂ ਸਿੰਘ ਨੂੰ ਪੁਛਿਆ ਕਿ ਅੱਜ ਕਿਹੜਾ ਵਿਸ਼ੇਸ਼ ਦਿਨ ਜਾਂ ਗੁਰਪੁਰਬ ਹੈ ਜਿਸ ਕਰਕੇ ਇਹ ਛਬੀਲ ਲਾਈ ਹੈ। ਸਿਖ ਕਹਿਣ ਲਗਾ ਕਿ ਇਹ ਦਿਨ ਸਭ ਦਿਨਾਂ ਵਾਂਗ ਹੀ ਹੈ। ਅਜ ਕੋਈ ਵਿਸ਼ੇਸ਼ ਜਾਂ ਵਖਰਾ ਨਹੀਂ।

ਪਰ ਅੱਜ ਤੁਸਾਂ ਮਿਠੇ ਪਾਣੀ ਦੀ ਛਬੀਲ ਲਾਈ ਹੈ।

ਇਹ ਰੋਜ਼ ਹੀ ਲਗਦੀ ਹੈ।

ਰੋਜ਼ ਹੀ ?

ਹਾਂ ਜੀ ਤਕਰੀਬਨ ਦੋ ਮਹੀਨੇ ਤੋਂ।

ਕਾਰਨ ?

ਸਤਿਗੁਰੂ ਜਗਜੀਤ ਸਿੰਘ ਸਚੇ ਪਾਤਸ਼ਾਹ ਜੀ ਦਾ ਹੁਕਮ ਹੈ।

ਕਦੋਂ ਤਕ ਛਬੀਲ ਚਲੇਗੀ ?

ਜਦੋਂ ਤਕ ਹੁਕਮ ਹੋਵੇਗਾ।

ਇਸ ਦਾ ਖਰਚ ? ਲੰਗਰ ਤੋਂ ਰਸਦ ਆਉਂਦੀ ਹੈ।

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਦੀਆਂ ਗਲੀਆਂ ਵਿਚ ਝਾੜੂ ਦੇਂਦਿਆਂ ਅਖੀ ਵੇਖਿਆ ਹੈ। ਲੰਗਰ ਵਿਚ ਦਾਲਾਂ ਚੁਗਦਿਆਂ ਵੀ ਦਰਸ਼ਨ ਕੀਤੇ ਹਨ, ਖੇਤਾਂ ਵਿਚ ਟਰੈਕਟਰ ਚਲਾਉਂਦਿਆਂ ਵੀ ਤੱਕਿਆ। ਲੰਗਰ ਦੇ ਜੂਠੇ ਭਾਂਡੇ ਮਾਂਜਣੇ ਅਤੇ ਹੋਰ ਕਈ ਪ੍ਰਕਾਰ ਦੀ ਸੇਵਾ ਅਪਣੀ ਹਥੀਂ ਕਰਨੀ ਵੀ ਸੁਣੀ ਹੈ ਅਤੇ ਲੰਗਰ ਵਿਚ ਪਰਸ਼ਾਦੇ, ਕੜਾਹ ਪ੍ਰਸ਼ਾਦਿ ਵਰਤਾਉਂਦਿਆਂ ਤਾਂ ਲਖਾਂ ਲੋਕਾਂ ਵੇਖਿਆ ਹੋਵੇਗਾ। ਆਪ ਦੇ ਮਹਿਲ ਮਾਤਾ ਚੰਦ ਕੌਰ ਅਤੇ ਆਪ ਦੇ ਛੋਟੇ ਵੀਰ ਮਹਾਰਾਜ ਬੀਰ ਸਿੰਘ ਜੀ ਦੇ ਮਹਿਲ ਬੇਬੇ ਦਲੀਪ ਕੌਰ ਨੂੰ ਤਬੇਲੇ ਵਿਚੋਂ ਗੋਹੇ ਦੇ ਭਰੇ ਟੋਕਰੇ ਸਿਰਾਂ ਤੇ ਚੁਕ ਕੇ ਬਾਹਰ ਸੁਟਦਿਆਂ ਵੇਖਿਆ ਹੈ ਪਰ 'ਕੋਟ ਪੈਂਡਾ ਆਗੈ ਚਲ' ਕੇ 'ਪੀਰ ਮੁਰੀਦਾ ਪਿਰਹੜੀ ਨਿਭਾਉਣ ਵਾਲੀ ਅੱਜ ਦੀ ਘਟਨਾ ਨੇ ਮੈਨੂੰ ਝੰਜੋੜ ਕੇ ਰਖ ਦਿਤਾ।

ਕਲਮ ਕਾਰੀ ਦਾ ਮਾਨ, ਪਦਵੀਆਂ ਦਾ ਨਸ਼ਾ, ਸਤਿਗੁਰੂ ਜੀ ਨਾਲ ਨੇੜਲੇ ਸੰਪਰਕਾਂ ਦਾ ਗਰਭ ਅਜ ਦੇ ਇਸ ਦੋ-ਪਲਾਂ ਨੇ ਚਕਨਾ ਚੂਰ ਕਰ ਦਿਤਾ ਸੀ।

ਇਸੇ ਹੀ ਦਾ ਦਿਨ ਦੂਸਰਾ ਦ੍ਰਿਸ਼। ਸ੍ਰੀ ਭੈਣੀ ਸਾਹਿਬ ਵਿਚ ਉਸਰ ਰਹੇ ਸਿਮ੍ਰਤੀ ਮੰਦਰ ਦਾ ਸਥਲ। ਸਤਿਗੁਰੂ ਪ੍ਰਤਾਪ ਸਿੰਘ ਜੀ ਵਰਗੇ ਫਕੀਰ ਸ਼ਹਿਨਸ਼ਾਹ ਦੀ ਯਾਦ ਵਿਚ ਉਸਾਰਿਆ ਜਾ ਰਿਹਾ ਇਹ ਮਹਾਨ ਦੀਵਾਨ ਹਾਲ ਕੰਪਲੈਕਸ, ਨਾਮਧਾਰੀ ਸੰਗਤਾਂ ਦੀਆਂ ਰੀਝਾਂ ਦਾ ਹੀ ਰੂਪ ਸਾਕਾਰ ਕਰ ਰਿਹਾ ਹੈ। ਸਿਖਰ ਦੀਆਂ ਨਿਮ੍ਰ ਭਾਵਨਾਵਾਂ, ਉਹਨਾਂ ਦੀ ਸ਼ਿਲਪ ਕਲਾ ਅਤੇ ਕਾਰੀਗਰੀ ਦੇ ਹੁਨਰ ਦੀ ਪ੍ਰਬੀਨਤਾ ਵਿਚ ਔਤ ਪੋਤ ਹੋ ਕੇ, ਇਸ ਮੰਦਰ ਦੀ ਪ੍ਰਤਿਭਾ ਨੂੰ ਦੂਣ ਸਵਾਈ ਉਜਾਗਰ ਕਰਨ ਵਾਸਤੇ ਸੇਵਾ ਦੇ ਰੂਪ ਵਿਚ ਅਰਪਿਤ ਹਨ। ਕਿਤੇ ਪਥਰਾਂ ਦੀ ਚਪੜਾਈ ਹੋ ਰਹੀ ਹੈ ਕ੍ਰਿਤੇ ਰਗੜਾਈ। ਕਾਰੀਗਰ ਸਾਗਵਾਨ ਦੀਆਂ ਲਕੜਾਂ ਨੂੰ ਤਰਾਸ਼ ਕੇ ਇਵੇਂ ਦਰਵਾਜ਼ੇ ਜੋੜੀਆਂ ਬਣਾ ਰਹੇ ਹਨ ਜਿਵੇਂ ਮੂਰਤੀਕਾਰ ਭਗਵਾਨ ਦੀ ਪ੍ਰਤਿਮਾ ਸਿਰਜ ਰਹੇ ਹੋਣ। ਜਿਵੇਂ ਕਿਉਂ ? ਇਹ ਹਨ ਹੀ ਸਾਖਿਆਤ ਕਲਾਕਾਰ। ਦੇਸ਼ ਦੇ ਵੱਖ



Sri Satguru Jagjit Singh Ji Elibrary NamdhariElibrary@gmail.com

ਵੱਖ ਹਿਸਿਆਂ ਤੋਂ ਆਏ ਕਾਰੀਗਰ ਇਸ ਮੰਦਰ ਦੀ ਉਸਾਰੀ ਵਿਚ ਕੇਵਲ ਆਪਣੀ ਕਲਾ ਕੌਸ਼ਲਤਾ ਅਤੇ ਤਜਰਬਾ ਹੀ ਨਹੀਂ ਲਾ ਰਹੇ ਸਗੋਂ ਸਤਿਗੁਰੂ ਪ੍ਰਤਾਪ ਸਿੰਘ ਦੀਆਂ ਪਿਆਰੀਆਂ ਯਾਦਾਂ 'ਚ ਭਿੱਜੇ ਅਪਣੀ ਸ਼ਰਧਾ ਅਤੇ ਬੰਦਗੀ ਵੀ ਭੇਟ ਕਰ ਰਹੇ ਹਨ। ਸਿਖਾਂ ਦੀਆਂ ਜੁਗਾਂ ਦੀਆਂ ਰੀਝਾਂ ਕਰਕੇ ਹੀ ਇਸ ਮੰਦਰ ਦੀ ਸੰਪੂਰਨਤਾ ਵੀ ਦਿਨੋਂ ਦਿਨ ਦੂਰ ਹੁੰਦੀ ਜਾ ਰਹੀ ਹੈ। ਜਦੋਂ ਮੁਕੰਮਲ ਹੋਇਆ ਤਾਂ ਆਪਣੇ ਵਰਗਾ ਆਪ ਹੀ ਹੋਵੇਗਾ। ਧਰਤੀ ਉੱਤੇ ਕੁਦਰਤ ਦਾ ਸ਼ਾਹਕਾਰ। ਧਨੀ ਲੋਕ ਧਨ ਲਾ ਰਹੇ ਹਨ, ਸੇਵਾ ਵਾਲੇ ਦਿਹਾੜੀਆਂ। ਪਰ ਸਭ ਕੁਝ ਇਸ ਦੀ ਉਸਾਰੀ ਵਿਚ ਖਪਦਾ ਜਾ ਰਿਹਾ ਹੈ। ਹੋਰ ਵੀ ਬੇਅੰਤ ਮਾਇਆ ਅਤੇ ਸੇਵਾਕਾਰਾਂ ਦੀ ਲੋੜ ਹੀ ਰਹਿੰਦੀ ਹੈ। ਮਰਮਰੀ ਪਥਰ, ਸਾਗਵਾਨੀ ਲਕੜੀ, ਸ਼ੀਸ਼ੇ ਅਤੇ ਲੋਹੇ ਦਾ ਕੰਮ ਤਾਂ ਸਾਕਾਰ ਰੂਪ ਵਿਚ ਹੈ ਪਰ ਜਦੋਂ ਗੂੰਜ ਚੂਸਦਾ ਛੱਤ ਤਿਆਰ ਹੋਇਆ, ਆਵਾਜ਼ ਅਤੇ ਰੋਸ਼ਨੀ ਦਾ ਸੂਖਮ ਪਰਬੰਧ ਮੁਕੰਮਲ ਹੋਇਆ, ਆਰਟ ਗੈਲਰੀਆਂ ਸਿਰੇ ਚੜ੍ਹੀਆਂ ਤਾਂ ਇਸ ਦੀ ਸੋਭਾ ਕਿਹੋ ਜਿਹੀ ਹੋਵੇਗੀ, ਇਹ ਕਿਆਸ ਦੀ ਹੀ ਗੱਲ ਹੈ। ਸੇਵਾ ਤੇ ਲਗੇ ਦਿਲੀ ਤੋਂ ਸੰਤ ਬਲਵੰਤ ਸਿੰਘ ਖਜ਼ਾਨਚੀ ਜੀ ਨੇ ਦਸਿਆ ਕਿ ਅਸੀਂ ਤਾਂ ਪਰਤੱਖ ਸੇਵਾ ਕਰ ਰਹੇ ਹਾਂ ਪਰ ਸੇਵਾ ਦਾ ਮਹੱਤਵ ਜਾਨਣ ਵਾਲੇ ਲੁਕਵੇਂ ਰੂਪ ਵਿਚ ਹੀ ਆ ਕੇ ਹਿਸਾ ਪਾ ਜਾਂਦੇ ਹਨ। ਇਕ ਬਾਬੂ ਜੀ ਮੰਦਰ ਵੇਖਣ ਆਏ ਤੇ ਪੁਛਣ ਲਗੇ "ਕੀ ਤੁਹਾਡੇ ਕੋਲ ਅੱਡਾ ਨਹੀਂ ਹੈ ?". ਬਲਵੰਤ ਸਿੰਘ ਹੋਰਾਂ ਅੱਡੇ ਤੋਂ ਭਾਵ ਤਰਖਾਣਾ ਕੰਮ ਕਰਨ ਵਾਲੇ ਅੱਡੇ ਤੋਂ ਲਿਆ ਅਤੇ ਦਸਿਆ ਕਿ ਉਹਨਾਂ ਕੋਲ ਨਹੀਂ। ਅਗਲੇ ਦਿਨ ਉਹ ਅੱਡਾ ਚੁਪ ਕਰ ਕੇ ਭੇਟ ਚੜ੍ਹਾ ਗਏ। ਇਹ ਤਰਖਾਣਾ ਅੱਡਾ ਨਹੀਂ ਸੀ ਸਗੋਂ ਕੋਈ ਡੇਢ ਹਜ਼ਾਰ ਦਾ ਗਰਾਂਈਡਰ (ਸਾਣ) ਸੀ, ਔਜ਼ਾਰ ਤਿੱਖੇ ਕਰਨ ਨੂੰ ਜਿਸ ਦੇ ਨਾਲ ਹੀ ਮੋਟਰ ਫਿੱਟ ਸੀ। ਉਹਨਾਂ ਦਾ ਅੱਡਾ ਇਹ ਹੀ ਸੀ।

ਇਥੇ ਕੰਮ ਕਰਦੇ ਕਾਰੀਗਰ ਸੇਵਾਦਾਰ ਲਕੜ ਇਟਾਂ ਲੋਹੇ ਦਾ ਕੰਮ ਕਰਨ ਤੋਂ ਇਲਾਵਾ ਕੀਰਤਨ ਵੀ ਕਰਦੇ ਰਹੇ ਹਨ। ਅਕਸਰ ਜੱਥੇ ਸ਼ਾਮ ਨੂੰ ਪੁਜਦੇ, ਢੋਲਕ ਛੈਣਿਆਂ ਦੀ ਘੁੰਕਾਰਾਂ ਪਾਉਂਦੇ ਸ਼ਬਦ ਪੜ੍ਹਦੇ ਆਉਂਦੇ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵੀ ਕਰਦੇ ਹਨ। ਚੰਡੀਗੜ, ਦਿਲੀ, ਫਗਵਾੜਾ, ਲੁਧਿਆਣਾ ਅਤੇ ਮੰਡੀ ਵਰਗੀਆਂ ਥਾਵਾਂ ਤੋਂ ਵੀ ਇਹ ਕੀਰਤਨੀ ਜਥੇ ਆਏ ਹਨ। ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਦਾ ਨਾਮ ਆਸਾ ਦੀ ਵਾਰ ਦੇ ਕੀਰਤਨ ਵਿਚ ਕਦੀ ਬਹੁਤ ਮਸ਼ਹੂਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਕੀਰਤਨਦੀਏ ਸਨ। ਪਰ ਬੀਮਾਰੀ ਅਤੇ ਹੋਰਨਾਂ ਕਾਰਨਾਂ ਕਰਕੇ ਪਿਛਲੇ ਵੀਹਾਂ ਸਾਲਾਂ ਤੋਂ ਕੀਰਤਨਕਾਰੀ ਤੋਂ ਅਸਮਰਥ ਸਨ। ਉਸ ਸ਼ਾਮ ਉਹਨਾਂ ਦਾ ਜੱਥਾ ਕੀਰਤਨ ਕਰਦਾ ਆਇਆ ਅਤੇ ਅਗਲੇ ਦਿਨ ਅੰਮ੍ਰਿਤ ਵੇਲੇ ਉਹਨਾਂ ਵਾਰ ਦਾ ਕੀਰਤਨ ਕੀਤਾ। ਸੰਤ ਭੇੜੀਆਂ ਨਾਲ ਤੁਰਦੇ ਸਨ। ਉਹਨਾਂ ਦੇ ਕੀਰਤਨ ਨਾਲ ਸਮਾਂ ੨੦ ਸਾਲ ਪਿਛੇ ਚਲਾ ਗਿਆ ਸੀ। ਸਵੇਰੇ ਦੋ ਵਜੇ ਤੋਂ ਹੀ ਉਚੀਆਂ ਸੁਰਾਂ ਨੇ ਆਸਮਾਨੀ ਯਾਤਰਾ ਸ਼ੁਰੂ ਕਰ ਦਿਤੀ ਸੀ। ਢੋਲਕ ਤੇ ਰਾਗੀ ਦਰਸ਼ਨ ਸਿੰਘ ਦੀਆਂ ਉਂਗਲਾਂ ਥਿਰਕ ਰਹੀਆਂ ਸਨ। ਸਿਮ੍ਰਤੀਆਂ ਦੇ ਪੁਲਾੜ ਚੋਂ ਮੁੜ ਇਕ ਸਰੂਪ ਸਾਕਾਰ ਹੋ ਗਿਆ।

ਸਿਮ੍ਰਤੀ ਮੰਦਰ ਦੀ ਸੇਵਾ ਕਰ ਰਹੇ ਸ: ਪ੍ਰੀਤਮ ਸਿੰਘ ਬਾਲੀ ਨਗਰ ਦਿਲੀ ਵਾਲਿਆਂ ਬਹੁਤ ਚਾਅ ਨਾਲ ਨਵੀਆਂ ਬਣੀਆਂ ਮਰਮਰੀ ਪੌੜੀਆਂ ਵਖਾਈਆਂ ਅਤੇ ਫੇਰ ਇਕ ਨਿਕੀ ਜਿਹੀ ਗਲ ਵਡੇ ਅਰਥਾਂ ਵਾਲੀ ਕਹਿ ਦਿਤੀ। ਉਹਨਾਂ ਕਿਹਾ "ਮੈਂ ਕਦੇ ਕਦੇ ਵਰਿਆਮ ਪੜ੍ਹ ਲੈਂਦਾ ਹਾਂ ਉਸ ਵਿਚ ਬਹੁਤ ਚੰਗੀਆਂ ਗਲਾਂ ਵੀ ਹੁੰਦੀਆਂ ਹਨ ਪਰ ਕਦੇ ਇਸ ਮੰਦਰ ਦੀ ਸੇਵਾ ਬਾਰੇ ਵੀ ਲਿਖਿਆ ਕਰੋ।" ਇਸ ਸਾਧਾਰਨ ਗਲ ਦਾ ਮੇਰੇ ਵਾਸਤੇ ਬਹੁਤ ਅਰਥ ਸੀ। ਮੈਂ ਉਹਨਾਂ ਨੂੰ ਤਾਂ ਇਹ ਉਤਰ ਦਿਤਾ ਕਿ ਅਸੀਂ ਲਿਖਦੇ ਹੀ ਰਹਿੰਦੇ ਹਾਂ ਪਰ ਅੰਦਰ ਮੇਰੇ ਪ੍ਰਸ਼ਨ ਚਿੰਨ੍ਹ, ਖੜਾ ਹੋ ਗਿਆ ਕਿ ਕੀ ਲਿਖਦੇ ਹਾਂ ?

ਮੈਂ ਠਾਕਰ ਦਲੀਪ ਸਿੰਘ ਜੀ ਦੀ ਖਿੱਚੀ ਹੋਈ ਇਕ ਤਸਵੀਰ ਵੇਖੀ ਹੈ ਜਿਸ ਵਿਚ ਮਾਤਾ ਚੰਦ ਕੌਰ ਸਿਰ ਤੇ ਟੋਕਰਾ ਰੱਖ ਕੇ ਖਲੋਤੇ ਹਨ। ਤਸਵੀਰ ਦਾ ਕੋਨ ਐਸਾ ਹੈ ਕਿ ਸਾਰਾ ਮੰਦਰ ਟੋਕਰੇ ਵਿਚ ਪਿਆ ਦਿਸਦਾ ਹੈ। ਇਹ ਤਸਵੀਰ ਪ੍ਰਤੀਕਆਤਮਕ ਰੂਪ ਵਿਚ ਬਹੁਤ ਅਰਥ ਭਰਪੂਰ ਹੈ। ਕਿਉਂਕਿ ਸਿਮ੍ਰਤੀ ਮੰਦਰ ਦੀ ਉਸਾਰੀ ਦਾ ਬਹੁਤਾ ਭਾਰ ਸਰੀਰੋਂ ਕਮਜ਼ੋਰ ਦਿਸਦੇ ਮਾਤਾ ਚੰਦ ਕੌਰ ਜੀ ਦੀ ਕਾਇਆਂ ਨੇ ਸਾਂਭਿਆ ਹੈ ਅਤੇ ਉਹਨਾਂ ਦੀ ਲਗਾਤਾਰ ਮਿਹਨਤ ਨਾਲ ਹੁਣ ਵਾਲਾ ਮੂੰਹ ਮੱਥਾ ਬਣਿਆ ਹੈ। ਸੰਤ ਗੁਰਚੈਨ ਸਿੰਘ ਫਲੋਰਾ ਨੈਰੋਬੀ ਅਫਰੀਕਾ ਤੋਂ ਆ ਆ ਕੇ ਡੀਜ਼ਾਈਨਿੰਗ ਬਾਰੇ ਕਿੰਨੇ ਕਿੰਨੇ ਦਿਨ ਲਾਉਂਦੇ ਰਹੇ ਹਨ। ਸ: ਨਿਰਮਲ ਸਿੰਘ ਇਸ ਦੇ ਇੰਚਾਰਜ ਹਨ। ਸੰਤ ਨਰੰਜਣ ਸਿੰਘ ਨਗਰ ਵਾਲੇ ਆਦਿਕ ਅਨੇਕਾਂ ਨਾਮ ਹਨ ਜੋ ਇਸ ਸੇਵਾ ਵਿਚ ਦਿਨ ਰਾਤ ਜੁੜੇ ਹੋਏ ਹਨ। ਨਾਮਧਾਰੀ ਅਮੀਰਾਂ ਦਾ ਸਮਾਜ ਨਹੀਂ



Sri Satguru Jagjit Singh Ji Elibrary NamdhariElibrary@gmail.com

ਪਰ ਇਹ ਅਮੀਰ ਸਮਾਜ ਜ਼ਰੂਰ ਹੈ। ਬਹੁਗਿਣਤੀ ਕਿਰਤੀਆਂ ਕਿਸਾਨਾਂ ਅਤੇ ਛੋਟੇ ਬਿਉਪਾਰੀਆਂ ਦੀ ਹੀ ਹੈ। ਇਹ ਆਤਮਕ ਤੌਰ ਤੇ ਧਨੀ ਸਮਾਜ ਹੈ ਅਤੇ ਇਸ ਆਤਮਾ ਦੀ ਅਮੀਰੀ ਨੂੰ ਹੀ ਉਹਨਾਂ ਗੁਰੂ ਚਰਨਾਂ ਵਿਚ ਅਰਪਿਤ ਕੀਤਾ ਹੋਇਆ ਹੈ।

ਅਗਲੀ ਸਵੇਰ ਨੂੰ ਮੈਂ ਸ੍ਰੀ ਭੈਣੀ ਸਾਹਿਬ ਦੇ ਤਬੇਲੇ ਦੇ ਦਰਵਾਜ਼ੇ ਲਾਗੇ ਖੜਾ ਸਾਂ। ਅੰਦਰੋਂ ਟਲੀਆਂ ਦਾ ਪਿਆਰਾ ਜਿਹਾ ਸੰਗੀਤ ਸਿਰਜਦੀਆਂ ਗਊਆਂ ਬਾਹਰ ਚੁਗਣ ਵਾਸਤੇ ਨਿਕਲ ਰਹੀਆਂ ਸਨ। ਵਿਚਕਾਰ ਵੱਗ ਦਾ ਰਖਵਾਲਾ ਸਿੰਘ ਲੰਮੀ ਡਾਂਗ ਹੱਥ ਵਿਚ ਫੜੀ ਪੁਚਕਾਰ ਪੁਚਕਾਰ ਕੇ ਗਊਆਂ ਨੂੰ ਤੋਰ ਰਿਹਾ ਸੀ। ਤਾਹੀਓਂ ਜੁ ਇਸ ਭੀੜ ਵਿਚੋਂ ਰਾਹ ਬਣਾਉਂਦਾ ਇਕ ਲੰਮਾ ਗੋਰਾ ਨੌਜਵਾਨ ਸਿਰ ਤੇ ਗੋਹੇ ਦਾ ਟੋਕਰਾ ਚੁੱਕੀ ਮਸਤਾਨੀਆਂ ਗਊਆਂ ਚੋਂ ਰਾਹ ਬਣਾਉਂਦਾ ਨਿਕਲ ਰਿਹਾ ਸੀ। ਉਸ ਦੇ ਪਿਛੇ ਹੀ ਉਸ ਦੀ ਸੁਬਕ ਜਿਹੀ ਬੀਵੀ ਵੀ ਸਿਰ ਤੇ ਟੋਕਰਾ ਚੁਕੀ ਨਿਕਲੀ। ਮੈਂ ਇਹਨਾਂ ਨੂੰ ਵੇਖਣ ਵਾਸਤੇ ਹੀ ਖੜਾ ਸਾਂ। ਜਦੋਂ ਇਹ ਸੁੰਦਰ ਜੋੜੀ ਗੋਹੇ ਨੂੰ ਦੂਰ ਖੇਤਾਂ ਵਿਚ ਸੁਟ ਕੇ ਵਾਪਸ ਆਈ ਤਾਂ ਮੈਂ ਨੌਜਵਾਨ ਨੂੰ ਅਟਕਾ ਲਿਆ। ਇਹ ਮੇਰਾ ਪੁਰਾਣਾ ਵਾਕਫਕਾਰ, ਸਤਿ-ਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਪੁਰਾਣਾ ਨਿਜੀ ਸਕੱਤਰ ਸੀ, 'ਸਤਿਜੁਗ' ਦਾ ਸਾਬਕਾ ਸੰਪਾਦਕ ਵੀ ਅਤੇ ਕਵੀ ਵੀ ਸੀ। ਇਸ ਦੀ ਧਰਮਪਤਨੀ ਥਾਈਲੈਂਡ ਤੋਂ ਸੀ ਅਤੇ ਉਸ ਨੂੰ ਮੈਂ ਕਦੇ ਅਜਿਹਾ ਭਾਰਾ ਕੰਮ ਕਰਦਿਆਂ ਨਹੀਂ ਸੀ ਦੇਖਿਆ। ਬਹੁਤ ਨਾਜ਼ਕ ਲਗਦੀ ਸੀ। ਮੈਂ ਇਸ ਮਿਤਰ ਨੂੰ ਭੈਣੀ ਸਾਹਿਬ ਆਏ ਨੂੰ ਇਕ ਦੋ ਵਾਰ ਪਿਛਲੇ ਦਿਨਾਂ ਵਿਚ ਵੇਖਿਆ ਸੀ ਪਰ ਉਹ ਛੇਤੀ ਹੀ ਛਾਈਂ ਮਾਈਂ ਹੋ ਜਾਂਦਾ ਸੀ। ਅਜ ਪਤਾ ਕਰਕੇ ਮੈਂ ਮਿਲਣ ਆਇਆਂ ਸਾਂ। ਉਸ ਦੇ ਸਿਰ ਤੇ ਟੋਕਰਾ ਵੇਖ ਕੇ ਮੈਂ ਆਪ ਨਗੂਣਾ ਜਿਹਾ ਹੋ ਗਿਆ ਸਾਂ। ਉਸ ਦੇ ਇਸ ਤਰ੍ਹਾਂ ਸੇਵਾ ਕਰਨ ਦੇ ਪ੍ਰਯੋਜਨ ਬਾਰੇ ਮੈਂ ਜਾਣਕਾਰੀ ਮੰਗੀ।

ਉਹ ਕਹਿਣ ਲਗਾ ਕਿ "ਜਦੋਂ ਮੈਂ 'ਸਤਿਜੁਗ' ਦਾ ਸੰਪਾਦਕ ਲਗਾ ਸਾਂ ਤਾਂ ਮੈਨੂੰ ਮਹਾਰਾਜ ਬੀਰ ਸਿੰਘ ਜੀ ਨੇ ਇਕ ਗੱਲ ਦਸੀ ਸੀ। ਉਹ ਇਹ ਸੀ ਕਿ ਨਾਮਧਾਰੀਆਂ ਦੇ ਪੁਰਾਣੇ ਇਤਿਹਾਸਕਾਰ ਤੇ ਸਾਹਿਤਕਾਰ ਭਾਈ ਸੰਤੋਖ ਸਿੰਘ ਜੀ ਪਹਿਲਾਂ ਤਬੇਲੇ ਵਿਚ ਗੋਹੇ ਕੂੜੇ ਦੀ ਸੇਵਾ ਕਰਦੇ ਹੁੰਦੇ ਸੀ ਅਤੇ ਫੇਰ ਇਸ਼ਨਾਨ ਕਰਕੇ ਲਿਖਣ ਪੜ੍ਹਣ ਦਾ ਕਾਰਜ ਕਰਦੇ ਸਨ।"

ਮੇਰੇ ਮਿਤਰ ਨੇ ਦਸਿਆ ਕਿ "ਸਤਿਜੁਗ ਦੀ ਸੰਪਾਦਕੀ ਵੇਲੇ ਵੀ ਮੈਂ ਪੰਦਰਾਂ ਦਿਨ ਸ੍ਰੀ ਜੀਵਨ ਨਗਰ ਸੇਵਾ ਕੀਤੀ ਸੀ ਅਤੇ ਮੇਰੇ ਅਨੁਭਵ ਵਿਚ ਬਹੁਤ ਵਾਧਾ ਹੋਇਆ ਸੀ।"

ਮੈਂ ਪ੍ਰਸ਼ਨ ਕਰ ਰਿਹਾ ਸੀ ਉਹ ਉਤਰ ਦੇ ਰਿਹਾ ਸੀ ਪਰ ਨਾਲ ਨਾਲ ਪੁਛ ਰਿਹਾ ਸੀ ਤੁਸੀਂ ਅਜੇ ਏਥੇ ਹੀ ਹੋ ਕਦੋਂ ਜਾਣਾ ਹੈ। ਇਸ ਦਾ ਮਤਲਬ ਸੀ ਕਿ ਉਹ ਸੇਵਾ ਦੇ ਸਮੇਂ ਗਲਾਂ ਕਰਨ ਤੋਂ ਕਤਰਾਉਂਦਾ ਸੀ ਉਸ ਦਾ ਵਕਤ ਜ਼ਾਇਆ ਹੋ ਰਿਹਾ ਸੀ। ਉਸ ਦਸਿਆ ਅੱਜ ਸਤਿਗੁਰੂ ਜੀ ਮੰਡੀ ਹਿਮਾਚਲ ਨੂੰ ਚਲੇ ਗਏ ਹਨ ਇਸ ਵਾਸਤੇ ਸੰਗਤਾਂ ਵੀ ਘੱਟ ਗਈਆਂ ਹਨ ਅਤੇ ਕੰਮ ਮੁਕਾਉਣ ਵਾਲਾ ਪਿਆ ਹੈ। ਗਲਾਂ ਕਰਦਿਆਂ ਨੂੰ ਉਸ ਦੀ ਧਰਮਪਤਨੀ ਕਈ ਫੇਰੇ ਟੋਕਰਿਆਂ ਦੇ ਲਾ ਆਈ ਸੀ। ਮੈਂ ਅੰਤਲਾ ਪ੍ਰਸ਼ਨ ਦਾਗਿਆ, ਹੁਣ ਇਸ ਸੇਵਾ ਦਾ ਪ੍ਰਯੋਜਨ ?...ਮੈਂ ਕਾਰੋਬਾਰ ਨਵੇਂ ਸਿਰੇ ਤੋਂ ਸੈੱਟ ਕਰ ਰਿਹਾ ਹਾਂ ਦਸਾਂਗਾ ਉਦੋਂ ਹੀਂ ਜਦੋਂ ਹੋ ਗਿਆ। ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਅਸੀਂ ਇਹ...। ਮੇਰੇ 'ਚੰਗਾ ਜੀ ਸਤਿ ਸ੍ਰੀ ਅਕਾਲ' ਕਹਿਣ ਦੇ ਨਾਲ ਹੀ ਉਹ ਮਾਫੀ ਮੰਗਦਾ ਫਿਰ ਮਿਲਣ ਦੀ ਗੱਲ ਕਰਦਾ ਤਬੇਲੇ ਵਲ ਲੰਮੀ ਲਤੀਂ ਚਲਾ ਗਿਆ।

ਸਤਿਗੁਰੂ ਬਾਬੇ ਨਾਨਕ ਦੀਆਂ ਤੁਕਾਂ ਨੇ ਮੇਰੇ ਅੰਦਰ ਥਿਰਕਣ ਪੈਦਾ ਕਰ ਦਿਤੀ ਸੀ।

ਇਤੁ ਤਨਿ ਲਾਗੈ ਬਾਣੀਆ। ਸੁਖੁ ਹੋਵੈ ਸੇਵ ਕਮਾਣੀਆ
ਸਭ ਦੁਨੀਆ ਆਵਣ ਜਾਣੀਆ ॥ ੩ ॥
ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣ ਪਾਈਐ
ਕਹੁ ਨਾਨਕ ਬਾਹ ਲੁਡਾਈਐ ॥

—ਜਗਦੀਸ਼ ਸਿੰਘ

---

## ਰੁਬਾਈ

ਲੋਕਾਂ ਤੋਂ ਹੀ ਸਾਹਿਤ ਤੇ ਕਲਾ ਮਿਲਦੀ ਹੈ।
ਆਪਣੀ ਕਦਰ ਕੋਲੋਂ ਹੀ ਵਫਾ ਮਿਲਦੀ ਹੈ।
ਹਰ ਲਫਜ਼ ਮੇਰਾ ਬਣ ਜਾਂਦਾ ਹੈ ਗੁਨਾਹ,
ਹਰ ਕਵਿਤਾ ਦੀ ਮੈਨੂੰ ਸਜ਼ਾ ਮਿਲਦੀ ਹੈ।

'ਰਾਹੀ'



Sri Satguru Jagjit Singh Ji Elibrary NamdhariElibrary@gmail.com

# ਭੁਲਾਇਆਂ ਨਾ ਭੁੱਲੇ

—ਗੋਪਾਲ ਦਾਸ

ਹੋਜੇ ਬੋਰੋਮਿਓ । ਅਠਵੇਂ ਸਾਲਾਨਾ ਏਸ਼ਿਆਈ ਬਰਾਡਕਾਸਟਿੰਗ ਪਰੀਸ਼ਦ ਸਮਾਰੋਹ 'ਚ ਹਿੱਸਾ ਲੈਣ ਲਈ ਜਦੋਂ ਮੈਂ ਮਨੀਲਾ ਦੇ ਇੰਟਰਕੰਟੀਨੈਂਟਲ ਵਿਚ ਹੋਟਲ ਵਿਚ ਠਹਿਰਿਆ ਹੋਇਆ ਸੀ, ਹੋਜੇ ਬੋਰੋਮਿਓ ਮੇਰਾ ਦੋਭਾਸ਼ੀਆ ਸੀ।

ਹੋਜੇ ਬੋਰੋਮਿਓ ਜਵਾਨ ਤੇ ਨਹੀਂ ਸੀ, ਪਰ ਏਨਾ ਅਧਖੜ ਵੀ ਨਹੀਂ ਸੀ। ਸੁਭਾ ਦਾ ਹਸਮੁੱਖ, ਖਿਲੰਦੜਾ। ਪਿਛਲੀ ਰਾਤ, ਰਾਤ ਦੇ ਖਾਣੇ ਤੋਂ ਬਾਅਦ ਦੇਰ ਤਕ ਮਸਤੀ ਵਿਚ ਨਚਦਾ ਰਿਹਾ ਸੀ।

ਉਸ ਦਿਨ ਛੁੱਟੀ ਸੀ। ਹੋਟਲ ਦੇ 'ਫਾਇਰ' ਕੋਲ ਉਹ ਮੇਰੇ ਕੋਲ ਹੀ ਬੈਠਾ ਸੀ। ਮਨੀਲਾ ਦੇ ਬਹੁਤ ਸਾਰੇ ਵੇਖਣਯੋਗ ਥਾਂ ਮੈਂ ਵੇਖ ਲਏ ਸਨ, ਕੁਝ ਵੇਖਣੇ ਬਾਕੀ ਰਹਿੰਦੇ ਸਨ। ਮੈਂ ਉਸ ਨੂੰ ਕਿਹਾ, 'ਸੁਣਿਆ ਇਥੇ ਅਮਰੀਕੀ ਸਮਿਟਰੀ (ਜਿਥੇ ਦੂਸਰੇ ਸੰਸਾਰ ਯੁੱਧ ਵਿਚ ਮ੍ਰਿਤ ਅਮਰੀਕੀ ਫੌਜੀ ਦਫਨਾਏ ਹੋਏ ਹਨ) ਬੜੀ ਸੋਹਣੀ ਥਾਂ ਹੈ,, ਮੈਂ ਉਹ ਵੇਖਣਾ ਚਾਹੁੰਦਾ ਹਾਂ । ਕੁਝ ਹੋਰ ਡੈਲੀਗੇਟ ਵੀ ਜਾ ਰਹੇ ਹਨ।

ਬੋਰੋਮਿਓ ਨੂੰ ਜਿਸ ਤਰ੍ਹਾਂ ਬਿਜਲੀ ਦਾ ਕਰੰਟ ਲਗਿਆ ਹੋਵੇ। "ਤੁਸੀਂ ਉਥੇ ਜਾਣਾ ਚਾਹੁੰਦੇ ਹੋ ? ਤੁਸੀਂ ਭਾਰਤੀ ? ਤੁਸੀਂ ਅਮਰੀਕਾ ਨੂੰ ਆਪਣਾ ਦੋਸਤ ਸਮਝਦੇ ਹੋ ? ਮਰੇ ਹੋਏ ਅਮਰੀਕੀ ਫੌਜੀਆਂ ਦੀਆਂ ਕਬਰਾਂ ਤੇ ਅਥਰੂ ਕੇਰਨੇ ਚਾਹੁੰਦੇ ਹੋ । ਜਾਓ, ਜ਼ਰੂਰ ਜਾਓ, ਮੈਂ ਤੁਹਾਡੇ ਨਾਲ ਨਹੀਂ ਜਾਵਾਂਗਾ।

ਇਹ ਗੱਲ ਇੰਨੀ ਅਚਨਚੇਤ ਹੋ ਗਈ ਕਿ ਮੈਂ ਉਸ ਦੇ ਗੁੱਸੇ ਨੂੰ ਸਮਝ ਨਾ ਸਕਿਆ, ਸਗੋਂ ਇਹ ਕਹਿ ਕੇ ਬਲਦੀ ਤੇ ਤੇਲ ਪਾ ਦਿਤਾ :—

"ਪਰ ਸਭ ਜਾਣਦੇ ਹਨ ਕਿ ਅਮਰੀਕੀ ਫਿਲਪੀਨੀਆਂ ਦੇ ਦੋਸਤ ਨੇ, ਰਖਵਾਲੇ ਨੇ । ਅਮਰੀਕੀਆਂ ਨੇ ਹੀ ਜਾਪਾਨੀਆਂ ਕੋਲੋਂ ਦੇਸ਼ ਨੂੰ ਆਜ਼ਾਦ ਕਰਵਾਇਆ ਸੀ। ਇਥੇ ਉਹਨਾਂ ਨੇ ਕਰੋੜਾਂ ਡਾਲਰ ਲਾਏ ਹੋਏ ਹਨ। ਮਾਰਕੋਸ (ਫ਼ਿਲਪਾਈਨ ਦੇ ਰਾਸ਼ਟਰਪਤੀ) ਉਹਨਾਂ ਦੇ ਨਾਲ ਹਨ।"

"ਕਾਸ਼, ਮੈਂ ਉਦੋਂ ਇਨਾਂ ਕੁ ਵੱਡਾ ਹੁੰਦਾ ਕਿ ਬੰਦੂਕ ਚੁਕ ਸਕਦਾ"।

ਬਹਿਸ ਨੂੰ ਅਗੇ ਤੋਰਨਾ ਫਜ਼ੂਲ ਸੀ। ਉਹ ਵੀ ਕੁਝ ਦੇਰ ਬਾਅਦ ਉਠ ਕੇ ਕਿਤੇ ਬਾਹਰ ਚਲਾ ਗਿਆ। ਮੈਂ ਦੂਸਰੇ ਸਾਥੀਆਂ ਨਾਲ ਅਮਰੀਕੀ ਸਮਿਟਰੀ ਵੇਖਣ ਚਲਾ ਗਿਆ। ਥਾਂ ਸਚਮੁਚ ਬੜੀ ਸੋਹਣੀ ਸੀ।

ਵਾਪਸ ਆਇਆ ਤਾਂ ਬੋਰੋਮਿਓ ਨੇ ਕਸੈਲਾ ਜਿਹਾ ਮੂੰਹ ਬਣਾ ਕੇ ਪੁਛਿਆ।

"ਦੇਖ ਆਏ।"

ਮੈਂ ਸਿਰਫ ਹਾਂ ਕਰ ਸਕਿਆ।

ਉਹ ਰੁਕਿਆ। ਉਹਦੇ ਅੰਦਰਲਾ ਉਬਾਲ ਉਹਦੇ ਚੇਹਰੇ ਤੇ ਸਾਫ ਨਜ਼ਰ ਆ ਰਿਹਾ ਸੀ। ਕਹਿਣ ਲੱਗਾ,

"ਇੰਗਲੈਂਡ ਗਏ ਓ ਕਦੀ ?"

"ਹਾਂ"

"ਮੇਰੀ ਇਕ ਸਲਾਹ ਏ"

"ਕੀ ?"

"ਹੁਣ ਜੇ ਕਦੀ ਇੰਗਲੈਂਡ ਜਾਣਾ ਹੋਵੇ, ਤਾਂ ਉਸ ਅੰਗਰੇਜ਼ ਜਨਰਲ ਦੀ ਸਮਾਧੀ ਜ਼ਰੂਰ ਵੇਖਣ ਜਾਣਾ ਜਿਸ ਨੇ ਕਿਸੇ ਬੰਦ ਬਗ ਵਿਚ ਤੁਹਾਡੇ ਸੈਂਕੜੇ ਨਿਹਥੇ ਦੇਸ਼ ਵਾਸੀਆਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਸੀ"।

ਬੋਰੋਮਿਓ ਮੈਨੂੰ ਸੂਲੀ ਤੇ ਟੰਗ ਗਿਆ ਸੀ।

(ਅਨੁ: ਅਵਤਾਰ ਸਿੰਘ)



Sri Satguru Jagjit Singh Ji Elibrary NamdhariElibrary@gmail.com

ਕਹਾਣੀ

# ਦੁਪਹਿਰ ਦੀ ਮੌਤ

—ਜਸਵੰਤ ਸਿੰਘ ਰਾਹੀ

ਪ੍ਰਭੂ ਆਪਣੇ ਸੁਨਹਿਰੇ ਤਖਤ ਉੱਤੇ ਬਰਾਜਮਾਨ ਸਨ, ਤਿੰਨਾਂ ਦਿਸ਼ਾਵਾਂ ਵੱਲ ਰੇਸ਼ਮ ਦੇ ਗੱਦੇ ਨਰਮਾਈ ਤੇ ਹਲੀਮੀ ਵਿਚ ਲੀਨ ਸਨ। ਕਾਇਨਾਤ ਦੀ ਖੂਬਸੂਰਤੀ ਦੇ ਬਣੇ ਗਲੀਚੇ ਚਾਰ ਚੌਫੇਰੇ ਆਪਾ ਵਾਰ ਰਹੇ ਸਨ। ਹਜ਼ਾਰਾਂ ਵਰਨਾਂ ਦੇ ਫੁੱਲ ਅਤੇ ਕਲੀਆਂ ਨਿਮਸ਼ਕਾਰ ਕਰਨ ਆਏ ਆਪਣੇ ਤਨ ਮਨ ਦਾ ਅਤਰ ਛਿੜਕ ਗਏ ਸਨ। ਸੱਤ ਰੰਗ ਪੌਣਾਂ ਨੂੰ ਫੜ ਕੇ ਝੂਮ ਰਹੇ ਸਨ। ਸਮੇਂ ਦੇ ਪਹਿਰੇਦਾਰ ਆਪਣੇ ਆਪ ਘੜੀਆਂ ਦੀ ਗਿਣਤ ਨਾਲ ਬਦਲਦੇ ਜਾ ਰਹੇ ਸੀ। ਪ੍ਰਭੂ ਦੀਆਂ ਅੱਖੀਆਂ ਵਿਚ ਚੰਨ ਸੂਰਜ ਦੇ ਤਾਰੇ ਗਿਣੇ ਨਹੀਂ ਸਨ ਜਾ ਸਕਦੇ। ਨਿਕੀ ਨਿਕੀ ਮੁਸਕੜੀ ਨਾਲ ਆਪਣੀ ਲੀਲਾ ਵਿਚ ਮਗਨ ਸਨ। ਰੁੱਤਾਂ ਦੇ ਮਿੱਠੇ ਤੇ ਮੱਠੇ ਸੰਗੀਤ ਨੇ ਨਸ਼ਿਆਂ ਦੇ ਸਰੂਰ ਦਾ ਸਤ ਵਾਤਾਵਰਨ ਨੂੰ ਵਰਤਾ ਦਿਤਾ ਸੀ।

ਪ੍ਰਭੂ ਨੇ ਤਖਤ ਦੀਆਂ ਹੀਰੇ-ਜੜਾਊ ਬਾਹੀਆਂ ਉੱਤੇ ਅਰਕਾਂ ਤੱਕ ਕਲਾਈਆਂ ਰੱਖਕੇ ਜ਼ਰਾ ਮਸਤਕ ਉਤਾਂ ਚੁੱਕਿਆ। ਸਾਹਮਣੇ ਜਵਾਨੀ ਵਲ ਜੜਦੀ ਜਾ ਰਹੀ ਮੁਟਿਆਰ ਨਿਮਰਤਾ ਸੁਹੱਪਣ-ਮਈ ਸੀਸ ਝੁਕਾਈ ਖਲੋਤੀ ਹੋਈ ਨਿਗਾਹ ਵਿਚ ਆਈ।

—ਕਿਉਂ ਖਲੋਤੀ ਹੈਂ ਮਿਟਆਰੇ ਤੂੰ ਕਿਸ ਕਾਰਜ ਲਈ ਪਹੁੰਚ ਕੀਤੀ ਹੈ!

—ਪ੍ਰਭੂ ਨੇ ਪੂਰੀ ਦਿਆਲਤਾ ਨਾਲ ਪੁੱਛਿਆ।

—ਇਕ ਅਰਜ਼ ਹੈ ਪ੍ਰਭੂ!......ਮੁਟਿਆਰ ਨੇ ਪ੍ਰਭੂ ਦੀਆਂ ਅੱਖੀਆਂ ਵਿਚ ਲੱਖਾਂ ਮੁਟਿਆਰਾਂ ਨੂੰ ਉਸ ਵਰਗਾ ਪ੍ਰਸ਼ਨ ਕਰਦਿਆਂ ਵੇਖਿਆ।

ਹਾਂ! ਆਗਿਆ ਹੈ ਆਖੋ......ਪ੍ਰਭੂ ਪੂਰੀ ਪ੍ਰਸਨਤਾ ਦੇ ਸੱਤਾਂ ਰੰਗਾਂ ਵਿਚ ਸਸ਼ੋਭਿਤ ਜਾਪਦੇ ਸਨ।

—ਮੈਂ ਮਾਤ-ਲੋਕ ਵਿਚ ਜਾਣਾ ਚਾਹੁੰਦੀ ਹਾਂ।......ਮੁਟਿਆਰ ਨੇ ਬੇਨਤੀ ਅਰਪਨ ਕਰ ਦਿਤੀ। ਉਸ ਦਾ ਸਰੀਰ ਵਿਸ਼ਵਕਰਮਾ ਦੇ ਗੁਪਤ ਔਜ਼ਾਰ ਘੜਦੇ ਜਾ ਰਹੇ ਸਨ। ਪੌਣਾਂ ਦੇ ਖੇਤਰ ਵਿੱਚ ਉੱਡਦੀਆਂ ਅਪਛਰਾਂ ਨੇ ਆਪੋ ਵਿਚ ਹੈਰਾਨੀ ਨਾਲ ਇਕ ਦੂਜੀ ਵਲ ਸੈਨਤ ਕੀਤੀ।

ਪ੍ਰਭੂ ਪ੍ਰਸਨ-ਚਿਤ ਸਨ। ਆਗਿਆ ਦਿਤੀ—ਵਦਾਇਗੀ ਦੀ ਘੜੀ ਮਿਲੇਗੀ!

—ਪ੍ਰਭੂ ਮੇਰੀ ਇਕ ਪ੍ਰਾਥਨਾ ਹੈ।

—ਚਿੱਤ ਆਈ ਕਹਿ ਮੁਟਿਆਰੇ।

—ਮਾਤ-ਲੋਕ ਵਿਚ ਜਾ ਕੇ ਮੈਂ ਮਰਨਾ ਨਹੀਂ ਚਾਹੁੰਦੀ।......ਮੁਟਿਆਰ ਨੇ ਇਹ ਬੋਲ ਕਹਿ ਕੇ ਨਜ਼ਰਾਂ ਝੁਕਾ ਲਈਆਂ।

ਪ੍ਰਭੂ ਹੱਸ ਪਏ—ਇਕ ਬੰਧਨ ਦੇ ਘੇਰੇ ਵਿਚ ਰਹਿਣਾ ਪਏਗਾ, ਮਨਜ਼ੂਰ ਹੈ?

—ਤੁਸੀਂ ਸੰਕੇਤ ਦਿਉ ਪ੍ਰਭੂ! ਮੈਂ ਤੁਹਾਡੀ ਕਿਰਤ ਹਾਂ।......ਮੁਟਿਆਰ ਦੇ ਅੰਦਰ ਦੋ ਲਗਰਾਂ ਪੁੰਗਰ ਪਈਆਂ ਸਨ।

—ਤੇਰੇ ਕੋਲ ਸੁਹੱਪਣ ਦੀ ਕਰਾਮਾਤ ਨਹੀਂ ਹੋਏਗੀ, ਭਾਵ ਅਰਥ ਹੈ ਤੂੰ ਸੌ ਸਾਲ ਦੀ ਅੱਧ-ਉਮਰ ਵਿਚ ਜੀਵੇਂਗੀ।......ਪ੍ਰਤੱਖ ਦਿਸ ਰਿਹਾ ਸੀ ਪ੍ਰਭੂ ਕੋਈ ਪੀਚੀਆਂ ਗੁਝਲਾਂ ਖੋਲ੍ਹ ਰਹੇ ਸਨ।

ਮੁਟਿਆਰ ਕੰਬ ਗਈ! ਉਸ ਨੂੰ ਆਪਣੇ ਮੂੰਹ ਉੱਤੇ ਝੁਰੜੀਆਂ ਉੱਗਦੀਆਂ ਪ੍ਰਤੀਤ ਹੋਈਆਂ! ਮਾਸ ਤਨ ਨਾਲੋਂ ਰੁੱਸਿਆ ਰੁੱਸਿਆ ਲੱਗਣ ਲੱਗਾ। ਉਤਾਵਲੀ ਹੋ ਗਈ—ਕਿਉਂ ਪ੍ਰਭੂ? ਕਿਉਂ!!

—ਮੌਤ ਬਿਨਾ ਕੋਈ ਸੁਹੱਪਣ ਥਿਰ ਨਹੀਂ ਰਹਿ ਸਕਦਾ!......ਪ੍ਰਭੂ ਦਾ ਇਹ ਫ਼ੈਸਲਾ ਅਟਲ ਸੀ।

—ਤੁਹਾਡੇ ਹੱਥ ਵਿਚ ਸਭ ਕੁਝ ਹੈ ਪ੍ਰਭੂ, ਤੁਸੀਂ ਮੌਤ ਨੂੰ ਵਰਜ ਸਕਦੇ ਹੋ ਜੋਬਨ ਦੀਆਂ ਦੁਪਹਿਰਾਂ ਖਲਿਆਰ ਸਕਦੇ ਹੋ!......ਮੁਟਿਆਰ ਦਿਆਂ ਤਰਲਿਆਂ ਵਿਚ ਅੱਥਰੂ ਲੁਕੇ ਹੋਏ ਸਨ।

—ਨਹੀਂ ਮੁਟਿਆਰੇ! ਮੌਤ ਦੇ ਪ੍ਰਤਾਪ ਬਿਨਾ ਮੇਰਾ



Sri Satguru Jagjit Singh Ji Elibrary NamdhariElibrary@gmail.com

ਬਣਿਆ ਸੱਭ ਕੁਝ ਅਧੂਰਾ ਹੈ। ਤੂੰ ਜਵਾਨੀ ਦਿਆਂ ਸੁਪਨਿਆਂ ਵਿਚ ਇਹ ਵੀ ਨਹੀਂ ਸੋਚ ਸਕਦੀ ਕਿ ਮੈਂ ਆਪ ਵੀ ਮੌਤ ਬਿਨਾ ਅਧੂਰਾ ਹਾਂ! ਕੁਦਰਤ, ਮੌਤ, ਜ਼ਿੰਦਗੀ, ਏਹੋ ਮੇਰੀਆਂ ਸਚਾਈਆਂ ਨੇ!! ਏਹੋ ਹੀ ਮੈਂ ਆਪ ਹਾਂ! ਆਪਣਾ ਹਿੱਸਾ ਕੋਈ ਕੱਟ ਸਕਦਾ ਹੈ?......ਪ੍ਰਭੂ ਦਾ ਤਖਤ ਵਕਾਲਤ ਦੀ ਕੁਰਸੀ ਬਣ ਗਿਆ ਸੀ।

—ਪ੍ਰਭੂ ਮੇਰੇ ਵਾਸਤੇ ਕੋਈ ਅੰਤਰ ਪਾ ਸਕਦੇ ਹੋ? ..ਮੁਟਿਆਰ ਮਾਤ-ਲੋਕ ਵਿਚ ਆਉਣ ਦੀ ਪੱਕੀ ਆਸ ਬੰਨ ਚੁੱਕੀ ਸੀ!

—ਪੈ ਸਕਦਾ ਹੈ।

—ਫਰਮਾਨ ਸੁਣਨਾ ਚਾਹੁੰਦੀ ਹਾਂ ਪ੍ਰਭੂ।

—ਮੇਰਾ ਸਾਰਾ ਹੁਨਰ ਤੇਰੀ ਜਵਾਨੀ ਵਿਚ ਹੋਏਗਾ ਸੂਰਜ ਜਹੀਆਂ ਤੇਰੀਆਂ ਦੁਪਹਿਰਾਂ ਹੋਣਗੀਆਂ। ਚੰਨ ਜਾਣ ਕੇ ਤੈਨੂੰ ਖਲਕਤ ਮਾਣੇਗੀ। ਇਹਨਾਂ ਦੀ ਰੀਸ ਤੇਰੀ ਉਮਰ ਕਰੇਗੀ।......ਪ੍ਰਭੂ ਜ਼ਰਾ ਚੁੱਪ ਹੋ ਗਏ।

—ਹੋਰ ਆਖੋ ਪ੍ਰਭੂ!......ਮੁਟਿਆਰ ਮੁਗਧ ਹੋ ਗਈ ਸੀ।

—ਮੇਰੇ ਵਾਂਗ ਤੇਰੀ ਯਾਦ ਅਮਰ ਰਹੇਗੀ।...... ਪ੍ਰਭੂ ਨੇ ਇਕ ਲੰਮਾ ਹੌਕਾ ਭਰਿਆ ਜਿਸ ਨੂੰ ਮੁਟਿਆਰ ਨੇ ਨਾ ਦੇਖਿਆ ਨਾ ਸੁਣਿਆਂ।

—ਮੈਨੂੰ ਮੌਤ ਪ੍ਰਵਾਨ ਹੈ ਪ੍ਰਭੂ!!

—ਕੁਝ ਹੋਰ ਕਹਿਣਾ ਚਾਹੇਂ ਤਾਂ ਕਹਿ ਲੈ!...... ਇਹ ਰੋਸ਼ਨ ਸੀ ਕਿ ਪ੍ਰਭੂ ਨੂੰ ਵੀ ਵਿਛੋੜਾ ਸਹਿਣਾ ਕਠਨ ਹੈ।

—ਮੇਰੀ ਯਾਦ ਅਮਰ ਰਹਿਣ ਦਾ ਕੀ ਸਾਧਨ ਤੁਸੀਂ ਕਰ ਰਹੇ ਹੋ ਪ੍ਰਭੂ।

ਮੁਟਿਆਰ ਨੂੰ ਪ੍ਰਭੂ ਨਾਲੋਂ ਟੁੱਟ ਜਾਣ ਦਾ ਅਨੁਭਵ ਵੀ ਅਨੋਖੀ ਭਾਵਨਾ ਉਪਜਾ ਰਿਹਾ ਸੀ।

—ਇਕ ਕਵੀ ਮੇਰੀ ਆਗਿਆ ਤੋਂ ਬਿਨਾ ਧਰਤੀ ਉੱਤੇ ਜਾ ਪਿਆ ਹੈ। ਉਸ ਦੀ ਭਟਕਨਾ ਨੂੰ ਕੋਈ ਚਿੰਨ ਧਰਵਾਸ ਨਹੀਂ ਦੇ ਰਿਹਾ। ਉਸ ਦੇ ਅੰਦਰ ਲਾਟਾਂ ਹਨ! ਰੂੰ ਦੇ ਗੋੜਿਆਂ ਜਹੀ ਬਰਫ ਹੈ! ਉਹ ਕੀ ਕਰੇ? ਮੇਰੀ ਸਾਰੀ ਕਾਏਨਾਤ ਵਿਚ ਉਸ ਨੂੰ ਕੋਈ ਨਹੀਂ ਪੋਹ ਰਿਹਾ!

......ਪ੍ਰਭੂ ਅਟਕ ਗਏ।

—ਹੋਰ ਅੱਗੇ ਬਾਤ ਤੋਰੋ ਪ੍ਰਭੂ। ਮੁਟਿਆਰ ਨੇ ਚਾਰੇ ਦਿਸ਼ਾਵਾਂ ਵਲ ਭੰਵਾਂਟਣੀ ਖਾਧੀ।

ਫੇਰ ਉਚਾਰਨ ਹੋਇਆ—ਉਸ ਦੀ ਕਲਮ ਥੱਕ ਕੇ ਸੌਂ ਗਈ ਹੈ। ਉਹ ਉਸ ਨੂੰ ਜਗਾਵੇ ਤੇ ਕਿਉਂ ਜਗਾਵੇ? ਤੇਰੀ ਜਵਾਨੀ ਉਸ ਨੂੰ ਜਗਾ ਦਏਗੀ। ਮੈਂ ਤੇਰੇ ਵਿਚ ਆਪਣੇ ਸਾਰੇ ਰੰਗ ਚਮਕਾ ਦਿਤੇ ਹਨ! ਤੇਰਾ ਰੂਪ ਉਸ ਦੇ ਨੈਣ ਮੋਹ ਲਏਗਾ। ਕਵੀ ਦੇ ਦਿਲ ਵਿਚ ਤੇਰਾ ਚਿਤਰ, ਤੇਰੇ ਰੂਪ ਦੀ ਕਵਿਤਾ ਤੜਫ ਕੇ ਕਲਮ ਦੇ ਮੂੰਹ ਤੋਂ ਉਲੀਕੀ ਜਾਏਗੀ।

—ਫੇਰ ਕੀ ਬੀਤੇਗਾ ਪ੍ਰਭੂ?

—ਜਿਸ ਤਰ੍ਹਾਂ ਦੁਪਹਿਰ ਦਾ ਸੂਰਜ ਕਾਲੀ ਘਟਾ ਵਿਚ ਡੁੱਬ ਜਾਂਦਾ ਹੈ, ਉਸ ਤਰ੍ਹਾਂ ਤੂੰ ਵੀ ਮੌਤ ਦੀ ਮਿੱਠੀ ਨੀਂਦ ਵਿਚ ਡੁੱਬ ਜਾਏਂਗੀ!! ਤੇਰੀ ਯਾਦ ਕਵੀ ਦੇ ਬਿਰਹਾ ਤੇ ਪੀੜਾਂ ਨੂੰ ਮੱਠੀ ਮੱਠੀ ਅੱਗ ਬਖਸ਼ੇਗੀ। ਤੇਰੇ ਜੀਉਂਦੇ ਰੂਪ ਦਾ ਉਹ ਪ੍ਰੇਮੀ-ਕਵੀ ਤੇਰੀ ਮੌਤ ਦੇ ਪਿੱਛੋਂ ਸਾਰੀ ਕਾਇਨਾਤ ਨੂੰ ਤੇਰੀ ਕਵਿਤਾ ਸੁਣਾਏਗਾ। ਸਾਰਾ ਮਾਤ-ਲੋਕ ਮੇਰੇ ਸਵਰਗ ਨੂੰ ਮਾਤ ਕਰੇਗਾ।......ਪ੍ਰਭੂ ਦੀਆਂ ਅੱਖੀਆਂ ਵਿਚ ਵੀ ਕੋਈ ਕੋਈ ਅੱਥਰੂ ਝਲਕ ਮਾਰਦਾ ਸੀ।

—ਤੁਸੀਂ ਧੰਨ ਹੋ ਪ੍ਰਭੂ! ਤੁਸੀਂ ਧੰਨ ਹੋ! ਮੈਨੂੰ ਸਦੀਵੀ ਉਮਰ ਨਹੀਂ ਚਾਹੀਦੀ। ਮੈਨੂੰ ਦੁਪਹਿਰ ਦਾ ਰੂਪ ਪ੍ਰਵਾਨ ਹੈ। ਮੈਨੂੰ ਸਿਖਰ ਦੇ ਜੋਬਨ ਤੋਂ ਟੁੱਟਣਾ ਪ੍ਰਵਾਨ ਹੈ! ਮੈਨੂੰ ਮੌਤ ਪ੍ਰਵਾਨ ਹੈ? ਤੁਸਾਂ ਮੇਰੀ ਝੋਲੀ ਵਿਚ ਕਵੀ ਦਾ ਪ੍ਰੇਮ ਪਾਇਆ ਹੈ। ਮੈਨੂੰ ਆਪਣਾ ਰੂਪ ਦਿਤਾ ਹੈ। ਮੈਨੂੰ ਬਾਰ ਬਾਰ ਜਨਮ ਦਿਉ ਪ੍ਰਭੂ! ਮੈਨੂੰ ਬਾਰ ਬਾਰ ਜਵਾਨੀ ਦੀ ਮੌਤ ਦਿਉ ਪ੍ਰਭੂ!......ਮੁਟਿਆਰ ਸਤ ਰੰਗੀਆਂ ਵਿਚ ਝੂਮ ਗਈ ਮੈਂ ਵੱਡਭਾਗੀ ਹਾਂ ਪ੍ਰਭੂ! ਮੈਨੂੰ ਮਾਤ ਲੋਕ ਵਿਚ ਜਾਣ ਦੀ ਆਗਿਆ ਦਿਉ।

ਪ੍ਰਭੂ ਨੇ ਉਦਾਸ ਹੋ ਕੇ ਸੁਨਿਹਰੇ ਤਖਤ ਨਾਲ ਢੋ ਲਾਈ ਅਤੇ ਅੱਖੀਆਂ ਮੀਟ ਲਈਆਂ। ਦੋ ਅੱਥਰੂ ਡਿੱਗ ਪਏ ਫਰਮਾਇਆ—ਜਾ ਸਕਦੀ ਹੈਂ ਮੁਟਿਆਰੇ।

ਮੁਟਿਆਰ ਨੇ ਪ੍ਰਭੂ ਦੇ ਉਹ ਦੋ ਅਥਰੂ ਫੜਕੇ ਸੀਨੇ ਵਿਚ ਲਕੋ ਲਏ। ਮਾਤ-ਲੋਕ ਵਿਚ ਆ ਗਈ।



Sri Satguru Jagjit Singh Ji Elibrary NamdhariElibrary@gmail.com

# ਪੰਜਾਬ ਦੀਆਂ ਲੋਕ-ਕਲਾਵਾਂ

—ਜਸਵੰਤ ਸਿੰਘ ਵਿਰਦੀ—

ਜਨਮ ਸਾਖੀ ਵਿਚ ਇਕ ਕਥਾ ਆਉਂਦੀ ਹੈ, ਕਿ ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਲੋਧੀ ਵਿਖੇ ਰਹਿੰਦਿਆਂ ਹੋਇਆਂ ਕਾਨਿਆਂ ਦੀ ਇਕ ਰਬਾਬ ਬਣਾਈ ਸੀ, ਜਿਸ ਵਿਚੋਂ ਬੜੀ ਸੁਰੀਲੀ ਆਵਾਜ਼ ਨਿਕਲਦੀ ਸੀ। ਉਨਾਂ ਦੇ ਮਨ ਵਿਚ ਇਹ ਭਾਵਨਾ ਅਵਸ਼ ਹੋਵੇਗੀ ਕਿ ਜੇਕਰ ਉਨਾਂ ਨੇ ਲੋਕ ਜੀਵਨ ਨਾਲ ਸਬੰਧ ਜੋੜਕੇ ਸ਼ਬਦਾਂ ਰਾਹੀਂ ਸੰਵਾਦ ਕਰਨਾ ਹੈ ਤਾਂ ਉਨਾਂ ਦੇ ਨਾਲ ਰਬਾਬੀ ਜ਼ਰੂਰ ਹੋਣਾ ਚਾਹੀਦਾ ਹੈ। ਇਸੇ ਉਦੇਸ਼ ਲਈ ਉਨਾਂ ਨੇ ਭਾਈ ਮਰਦਾਨੇ ਨੂੰ ਭਾਈ ਫਰੰਦੇ ਕੋਲੋਂ ਰਬਾਬ ਖਰੀਦਣ ਵਾਸਤੇ ਭਰੂਆਣੇ ਪਿੰਡ ਭੇਜਿਆ ਸੀ। ਪਰ ਅਜ ਸਾਨੂੰ ਨਾਂ ਤੇ ਭਾਈ ਫਰੰਦੇ ਵਲੋਂ ਗੁਰੂ ਸਾਹਿਬ ਨੂੰ ਭੇਂਟ ਕੀਤੀ ਹੋਈ ਰਬਾਬ ਲਭਦੀ ਹੈ, ਜਿਸ ਤੇ ਭਾਈ ਮਰਦਾਨੇ ਨੇ ਗੁਰੂ ਸਾਹਿਬ ਲਈ ਜ਼ਿੰਦਗੀ ਭਰ ਸੰਗੀਤ ਥਿਰਕਾਇਆ, ਅਤੇ ਨਾ ਹੀ ਗੁਰੂ ਸਾਹਿਬ ਦੀ ਬਣਾਈ ਹੋਈ ਉਹ ਕਾਨਿਆਂ ਦੀ ਰਬਾਬ ਹੀ ਸਾਡੇ ਕੋਲ ਹੈ।

ਪੰਜਾਬ ਦੀਆਂ ਲੋਕ ਕਲਾਵਾਂ ਦਾ ਸਮੁਚਾ ਵਿਰਸਾ ਇਸੇ ਤਰਾਂ ਹੀ ਸਾਡੇ ਕੋਲੋਂ ਗੁਆਚ ਗਿਆ ਹੈ, ਅਤੇ ਹੁਣ ਸਾਡੇ ਕੋਲ ਉਸ ਵਿਰਸੇ ਦੀਆਂ ਕਥਾ-ਕਹਾਣੀਆਂ ਹੀ ਰਹਿ ਗਈਆਂ ਹਨ।

ਅਜ ਦਾ ਮਨੁਖ ਮਸ਼ੀਨੀਕਰਣ ਦੇ ਚੱਕਰ ਵਿਚ ਏਨੀ ਬੁਰੀ ਤਰਾਂ ਫਸ ਗਿਆ ਹੈ ਕਿ ਕਦੀ ਸੋਚਦਾ ਹੀ ਨਹੀਂ ਕਿ ਆਪਣੇ ਹੱਥਾਂ ਨਾਲ ਤਿਆਰ ਹੋਈਆਂ ਸੋਹਜ-ਸੁਆਦ ਦਾ ਸੁੱਖ ਦੇਣ ਵਾਲੀਆਂ ਅਤੇ ਜ਼ਿੰਦਗੀ ਵਿਚ ਸ਼ਿੰਗਾਰ ਦਾ ਹੁਲਾਸ ਭਰਨ ਵਾਲੀਆਂ ਚੀਜ਼ਾਂ-ਵਸਤਾਂ ਸਾਨੂੰ ਕਿੰਨਾ ਆਨੰਦ ਦਿੰਦੀਆਂ ਸਨ। ਭਾਵੇਂ ਕਿ ਲੋਕ ਉਨਾਂ ਨੂੰ ਲੋੜਾਂ ਦੀ ਪੂਰਤੀ ਲਈ ਹੀ ਸਿਰਜਦੇ ਸਨ।

ਮੇਰੀ ਮਾਤਾ ਨੇ ਮਰਦੇ ਦਮ ਤਕ ਸਾਡੀ ਦਾਦੀ ਦੇ ਬਣਾਏ ਹੋਏ ਛਿੱਕੂ, ਛੋਟੀਆਂ ਟੋਕਰੀਆਂ ਛੱਜ ਅਤੇ ਹੋਰ ਕਿੰਨਾ ਕੁਝ ਇਸ ਤਰਾਂ ਸੰਭਾਲ ਕੇ ਰੱਖੇ ਹੋਏ ਸਨ ਜਿਵੇਂ ਕਿ ਉਨਾਂ ਤੋਂ ਬਗੈਰ ਸਾਡੀ ਜ਼ਿੰਦਗੀ ਅਧੂਰੀ ਹੋਵੇ। ਉਹ ਕਹਿੰਦੀ—'ਪੁਤਰ! ਤੁਹਾਡੀ ਦਾਦੀ ਨੂੰ ਦੱਬ ਸਰਵਾੜ, ਕਾਨਿਆਂ ਅਤੇ ਕੱਖ-ਕਾਨ ਦੀਆਂ ਲੋੜੀਂਦੀਆਂ ਚੀਜ਼ਾਂ ਬਣਾਕੇ ਖੁਸ਼ੀ ਮਿਲਦੀ ਸੀ। ਉਹ ਦੱਬ ਨੂੰ ਕਈ ਰੰਗਾਂ ਨਾਲ ਰੰਗ ਕੇ ਬੜੇ ਵੇਲ-ਬੂਟੇ ਪਾਉਂਦੀ ਹੁੰਦੀ ਸੀ।'

ਮੈਂ ਕਈ ਵਾਰ ਵੇਖਿਆ ਸੀ, ਸਾਡੀ ਦਾਦੀ ਦੀਆਂ ਬਣਾਈਆਂ ਹੋਈਆਂ ਵਸਤਾਂ ਸੋਹਣੀਆਂ ਸੁਣਖੀਆਂ ਸਨ।

ਮੈਂ ਸੋਚਦਾ ਹਾਂ—'ਜਦੋਂ ਬੰਦੇ ਨੂੰ ਆਪਣੇ ਕੰਮ ਵਿਚੋਂ ਖੁਸ਼ੀ ਅਤੇ ਆਨੰਦ ਪ੍ਰਾਪਤ ਹੋਣ ਲਗ ਪਵੇ, ਉਦੋਂ ਉਸ ਦਾ ਉਹ ਕੰਮ ਕਲਾ ਦੇ ਰੂਪ ਵਿਚ ਬਦਲ ਜਾਂਦਾ ਹੈ।'

ਸਾਡੇ ਪੁਰਾਣੇ ਬੁਜ਼ਰਗ ਆਪਣੇ ਹੱਥਾਂ ਨਾਲ ਜਿਹੜੀਆਂ ਚੀਜ਼ਾਂ ਤਿਆਰ ਕਰਦੇ ਸਨ, ਉਹ ਕੁਝ ਏਨੇ ਸਿਦਕ ਅਤੇ ਸੋਹਜ ਨਾਲ ਤਿਆਰ ਕੀਤੀਆਂ ਜਾਂਦੀਆਂ ਸਨ ਕਿ ਉਹ ਉੱਤਮ ਕਲਾ ਦੇ ਨਮੂਨੇ ਹੋ ਨਿਬੜਦੇ ਸਨ। ਭਾਵੇਂ ਤਿਰੰਞਣ ਵਿਚ ਕਤਣ ਵਾਲੀਆਂ ਕੁੜੀਆਂ ਅਤੇ ਵਹੁਟੀਆਂ ਦਾ ਹੁਨਰ ਹੋਵੇ ਜਾਂ ਪਿੰਡ ਦੇ ਘੁਮਾਰ ਦਾ ਮਿੱਟੀ ਦੇ ਭਾਂਡੇ ਤਿਆਰ ਕਰਨ ਦਾ ਕਾਰਜ! ਹਰ ਕੰਮ ਵਿਚ ਸਾਨੂੰ ਇਕ ਸੋਹਜ ਅਤੇ ਸੁੰਦਰਤਾ ਵਿਖਾਈ ਦਿੰਦੀ ਹੈ। ਸੋਹਜ ਅਤੇ ਸੁੰਦਰਤਾ ਦੀ ਇਹ ਭਾਵਨਾ ਹੀ ਉਸ ਕੰਮ ਨੂੰ ਕਲਾ ਦੇ ਰੂਪ ਵਿਚ ਸਿਰਜਦੀ ਸੀ। ਭਾਵੇਂ ਕਿ ਹਕੀਕਤ ਇਹੋ ਹੀ ਸੀ ਕਿ ਤਿਰਞੰਣ ਦੀਆਂ ਕੁੜੀਆਂ ਘਰ ਦੀਆਂ ਲੋੜਾਂ ਲਈ ਸੂਤ ਕਤਦੀਆਂ ਸਨ, ਅਤੇ ਘੁਮਾਰ ਰੋਟੀ ਦੇ ਧੰਦੇ ਲਈ ਭਾਂਡੇ ਤਿਆਰ ਕਰਦਾ ਸੀ।

ਹੜੱਪਾ, ਮੋਹੰਜਦੜੋ ਅਤੇ ਰੋਪੜ ਦੀ ਖੁਦਵਾਈ ਵਿਚੋਂ ਵੀ ਅਜਿਹੀਆਂ ਬੇਸ਼ੁਮਾਰ ਮਿੱਟੀ ਦੀਆਂ ਮੂਰਤੀਆਂ, ਭਾਂਡੇ, ਧਾਤ ਦੇ ਸਿੱਕੇ ਅਤੇ ਕਈ ਹੋਰ ਅਜਿਹੀਆਂ ਕਲਾਤਮਕ ਚੀਜ਼ਾਂ ਦੇ ਨਮੂਨੇ ਮਿਲੇ ਹਨ ਜਿਨਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਪੁਰਾਤਨ ਪੰਜਾਬੀ ਲੋਕ ਵੀ ਆਪਣੇ ਹੱਥੀਂ ਕਰਨ ਵਾਲੇ ਕੰਮ ਵਿਚ ਸੋਹਜ ਅਤੇ ਸੁੰਦਰਤਾ ਭਰਨ ਦੇ ਬੜੇ ਚਾਹਵਾਨ ਸਨ। ਉਨ੍ਹਾਂ ਦੀ ਪ੍ਰਤਿਭਾ ਆਪਣੇ ਜੀਵਨ ਨੂੰ ਵੀ ਸੁਹਾਵਾ ਬਣਾਂਦੀ ਰਹੀ ਹੈ ਅਤੇ ਲੋਕ ਜੀਵਨ ਨੂੰ ਵੀ।



Sri Satguru Jagjit Singh Ji Elibrary NamdhariElibrary@gmail.com

ਮਨੁਖੀ ਜੀਵਨ ਵਿਚ ਕਲਾਤਮਕ ਵਿਕਾਸ ਦਾ ਇਹੋ ਹੀ ਰੱਹਸ ਹੈ। ਜ਼ਿੰਦਗੀ ਦੇ ਕੰਮ ਵਿਚ ਸੋਹਜ ਅਤੇ ਸੁੰਦਰਤਾ ਭਰਨ ਦੀ ਭਾਵਨਾ ਨੇ ਹੀ ਮਨੁਖ ਨੂੰ ਜੰਗਲਾਂ ਅਤੇ ਗੁਫਾਵਾਂ ਵਿਚੋਂ ਕਢਕੇ ਘਰਾਂ ਦੀ ਕਲਾਤਮਕ ਸਿਰਜਣਾ ਦੁਆਰਾ ਪਿੰਡ ਅਤੇ ਸ਼ਹਿਰ ਬਣਾਕੇ ਸੁਖਾਵੇਂ ਤੇ ਸਹਿਜੋਗੀ ਢੰਗ ਨਾਲ ਜੀਣਥੀਣ ਦੀ ਪ੍ਰੇਰਣਾ ਦਿਤੀ ਹੈ।

ਸਮੇਂ ਦੇ ਬੀਤਣ ਨਾਲ ਲੋਕ ਕਲਾਵਾਂ ਨੇ ਪੰਜਾਬ ਦੇ ਜੀਵਨ ਵਿਚ ਬੜਾ ਮਹੱਤਵਪੂਰਣ ਸਥਾਨ ਪ੍ਰਾਪਤ ਕਰ ਲਿਆ ਸੀ।

ਪੁਰਾਣੇ ਵੇਲਿਆਂ ਵਿਚ ਪੰਜਾਬ ਦੇ ਲੋਕ ਆਪਣੇ ਹੱਥੀਂ ਜਿਹੜਾ ਕਲਾਤਮਕ ਪੱਧਰ ਦਾ ਕੰਮ ਕਰਦੇ ਸਨ, ਉਸਨੂੰ ਅਸੀਂ—

(੧) ਮੂਰਤੀ ਕਲਾ
(੨) ਚਿਤਰ ਕਲਾ
(੩) ਕਸੀਦਾਕਾਰੀ
(੪) ਮਿੱਟੀ ਦੇ ਬਰਤਣ ਆਦਿ ਬਣਾਨ ਦਾ ਕਾਰਜ
(੫) ਦੱਬ ਅਤੇ ਕਾਨਿਆਂ ਆਦਿ ਦਾ ਕੰਮ
(੬) ਲੜਕੀ ਦੀ ਘਾੜਤ
(੭) ਲੋਕ ਗਾਇਕਾਂ ਦੇ ਸਾਜ਼ਾਂ ਦੀ ਬਣਤਰ ਦੇ ਕੰਮ,

ਦੇ ਰੂਪ ਵਿਚ ਵੇਖਦੇ ਹਾਂ,

ਦਿਲਚਸਪ ਗੱਲ ਹੈ ਕਿ ਇਨ੍ਹਾਂ ਵਿਚੋਂ ਸਾਰੇ ਨਹੀਂ ਤਾਂ ਬਹੁਤੇ ਕੰਮ ਔਰਤਾਂ ਹੀ ਕਰਦੀਆਂ ਸਨ। ਜਿਸ ਕਰਕੇ ਇਹ ਗੱਲ ਬਿਨਾਂ ਸੰਕੋਚ ਕਹੀ ਜਾ ਸਕਦੀ ਹੈ ਕਿ ਔਰਤਾਂ ਇਨ੍ਹਾਂ ਰਚਨਾਤਮਕ ਕੰਮਾਂ ਰਾਹੀਂ ਆਪਣੀ ਪ੍ਰਤਿਭਾ ਦੇ ਸਿਰਜਣਾਤਮਕ ਗੁਣ ਨੂੰ ਪੂਰੀ ਤਰਾਂ ਰੂਪ ਮਾਨ ਕਰਨ ਵਿਚ ਸਫਲ ਸਨ। ਜਿਸ ਤੋਂ ਸਪਸ਼ਟ ਹੈ ਕਿ ਪੁਰਾਤਨ ਅਤੇ ਮਧਕਾਲੀ ਪੰਜਾਬ ਵਿਚ ਸਾਡੀਆਂ ਪੰਜਾਬਣਾਂ ਮਰਦਾਂ ਨਾਲੋਂ ਵਧੇਰੇ ਕਲਾਤਮਕ ਅਤੇ ਸੋਹਜਮਈ ਰੁਚੀਆਂ ਰਖਦੀਆਂ ਸਨ, ਅਤੇ ਉਨਾਂ ਦੀ ਪ੍ਰਤਿਭਾ ਦੇ ਮੁਕਾਬਲੇ ਤੇ ਕਿਸੇ ਵੀ ਮਰਦ ਦੀ ਪ੍ਰਤਿਭਾ ਸਾਵੀਂ ਨਹੀਂ ਸੀ ਉਤਰਦੀ।

ਜਦੋਂ ਅਸੀਂ ਪੁਰਾਤਨ ਕਾਲ ਦੀ ਮੂਰਤੀ ਕਲਾ ਬਾਰੇ ਸੋਚਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਾਡੇ ਲੋਕ ਦੇਵੀ ਦੇਵਤਿਆਂ ਦੀਆਂ ਅਤੇ ਗਊਆਂ-ਬਲਦਾਂ ਦੀਆਂ ਮੂਰਤੀਆਂ ਬਣਾ ਕੇ ਬੜੇ ਖੁਸ਼ ਹੁੰਦੇ ਸਨ। ਗਊ ਜੀਵਨ ਨੂੰ ਸਿਹਤਮੰਦ ਰਖਣ ਵਾਲਾ ਦੁੱਧ ਪ੍ਰਦਾਨ ਕਰਦੀ ਸੀ ਅਤੇ ਬਲਦ ਮਨੁੱਖੀ ਲਾਲਸਾ ਤੇ ਖਾਹਿਸ਼ਾਂ ਦਾ ਪ੍ਰਤੀਕ ਸੀ। ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤਿਉਹਾਰਾਂ, ਉਤਸਵਾਂ ਅਤੇ ਮੇਲਿਆਂ, ਵਰਤਾਂ ਆਦਿ ਦੇ ਵੇਲੇ, ਪੂਜਾ ਕਰਨ ਲਈ ਬਣਾਈਆਂ ਜਾਂਦੀਆਂ ਸਨ। ਹਰ ਪਰਿਵਾਰ ਇਹ ਚਾਹੁੰਦਾ ਸੀ ਕਿ ਉਸ ਦਾ ਆਪਣਾ ਹੀ ਦੇਵਤਾ ਅਤੇ ਉਸ ਦੀ ਮੂਰਤੀ ਹੋਵੇ। ਇਸ ਲਈ ਕਿਸੇ ਨੇ ਅਗਨੀ, ਇੰਦਰ, ਵਿਸ਼ਣੂ, ਰਾਮ, ਕ੍ਰਿਸ਼ਣ, ਸ਼ਿਵਜੀ ਤੇ ਗਣੇਸ਼ ਨੂੰ ਰੂਪਮਾਨ ਕੀਤਾ ਤੇ ਕਿਸੇ ਹੋਰ ਨੇ ਮਾਂ ਲਛਮੀ, ਪਾਰਵਤੀ ਜਾ ਦੁਰਗਾ ਨੂੰ। ਦੇਵੀ ਵੈਰੀਆਂ ਦਾ ਨਾਸ ਕਰਨ ਵਾਲੀ ਸੀ। ਰਾਮ ਅਤੇ ਕ੍ਰਿਸ਼ਣ ਵੀ ਅਸੁਰੀ ਸ਼ਕਤੀਆਂ ਦਾ ਨਾਸ ਕਰਨ ਵਾਲੇ ਹਨ।

ਕਈ ਵਿਰਹਣੀਆਂ ਆਪਣੇ ਪਰਦੇਸੀ ਪ੍ਰੀਤਮ ਦੀ ਮੂਰਤੀ ਬਣਾ ਕੇ ਉਸ ਨਾਲ ਵੀ ਗੱਲਾਂ ਕਰਦੀਆਂ ਸਨ, ਜਿਵੇਂ ਕਿ ਲੋਕ ਗੀਤਾਂ ਤੋਂ ਵੀ ਸਪਸ਼ਟ ਹੈ—

ਮਿੱਟੀ ਦਾ ਬਾਵਾ ਬਣਾਨੀਆਂ
ਮਿੱਟੀ ਦਾ ਬਾਵਾ ਨਾ ਬੋਲਦਾ
ਅਤੇ ਮਿੱਟੀ ਦਿਆ ਬਾਵਿਆ
ਤੇਰਾ ਪਿਉ ਪਰਦੇਸੀ

ਮੋਹੰਜੋਦੜੋ ਦੇ ਥੇਹਾਂ ਵਿਚੋਂ ਮਾਂ ਦੇਵੀ ਦੀਆਂ ਵੀ ਬੇਸ਼ੁਮਾਰ ਮੂਰਤੀਆਂ ਲਭੀਆਂ ਹਨ। ਉਸ ਦੇ ਨੈਨ-ਨਕਸ਼ ਬਹੁਤ ਧੁੰਦਲੇ ਹਨ, ਪਰ ਛਾਤੀ ਅਤੇ ਪਿੱਠ ਭਾਰੀ ਹੈ, ਜੋ ਕਿ ਜਣਨ ਪ੍ਰਕ੍ਰਿਆ ਅਤੇ ਜ਼ਿੰਦਗੀ ਨੂੰ ਪਾਲਣ-ਪੋਸਣ ਦਾ ਪ੍ਰਤੀਕ ਹੈ ਉਸ ਨੂੰ ਵੇਖ ਕੇ ਮਾਤਾ ਦੇ ਸਰੂਪ ਦਾ ਧਾਤਵਿਕ ਪ੍ਰਭਾਵ ਮਹਿਸੂਸ ਹੁੰਦਾ ਹੈ। ਇਹ ਵੀ ਪਤਾ ਲਗਦਾ ਹੈ ਕਿ ਲੋਕਾਂ ਵਿਚ ਮਾਂ ਦੇਵੀ ਲਈ ਸਭ ਤੋਂ ਵਧ ਸਤਿਕਾਰ ਸੀ।

ਤਿਉਹਾਰਾਂ ਵੇਲੇ ਬੱਚਿਆਂ ਨੂੰ ਖੁਸ਼ ਕਰਨ ਵਾਸਤੇ, ਅਕਸਰ ਮਾਵਾਂ ਘਰਾਂ ਵਿਚ ਮਿੱਟੀ ਦੇ ਖਿਡੌਣੇ, ਘੁਗੂ-ਘੋੜੇ, ਤੋਤੇ ਚਿੜੀਆਂ, ਘੁਗੀਆਂ, ਕਬੂਤਰ ਆਦਿ ਬਣਾ ਕੇ ਉਨ੍ਹਾਂ ਨੂੰ ਰੰਗ ਬਿਰੰਗੇ ਰੂਪ ਵਿਚ ਚਿਤਰ ਲਿਆ ਕਰਦੀਆਂ ਸਨ। ਤੋਤਾ ਕਿਉਂਕਿ ਕਾਮ-ਦੇਵ ਦਾ ਪ੍ਰਤੀਕ ਹੈ, ਇਸ ਲਈ ਤੋਤੇ ਦੀ ਮੂਰਤੀ ਹਰ ਘਰ ਵਿਚ ਹੀ ਹੁੰਦੀ ਸੀ।

ਮਿੱਟੀ ਦੀਆਂ ਮੂਰਤੀਆਂ ਖਿਡੌਣੇ ਅਤੇ ਜਾਨਵਰ ਆਦਿ ਬਣਾਨ ਦੀ ਇਹ ਕਲਾ ੧੯੪੭ ਤਕ ਕਾਫੀ ਲੋਕ ਪ੍ਰਿਯ ਸੀ ਪਰ ਹੁਣ ਕਿਉਂਕਿ ਹਰ ਚੀਜ਼ ਪਲਾਸਟਕ ਦੀ ਬਣਨ ਲਗ ਪਈ ਹੈ, ਇਸ ਕਰਕੇ ਮਿੱਟੀ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਦਾ ਰਿਵਾਜ ਘਟਦਾ ਜਾ ਰਿਹਾ ਹੈ। ਲੋਕ ਸੋਚਦੇ ਨੇ ਕਿ ਜਿਹੜੀ ਚੀਜ਼ ਪੈਸੇ ਖਰਚ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਉਹ ਆਪ ਬਣਾਨ ਲਈ ਸਮਾਂ ਕਿਉਂ ਗੁਆਇਆ ਜਾਵੇ।



Sri Satguru Jagjit Singh Ji Elibrary NamdhariElibrary@gmail.com

ਮਿੱਟੀ ਦੇ ਕਲਾਤਮਕ ਕੰਮ ਦੀ ਗੱਲ ਚਲੀ ਹੈ ਤਾਂ ਘੁਮਾਰਾਂ ਦਾ ਜ਼ਿਕਰ ਕੀਤੇ ਬਗੈਰ ਇਹ ਗੱਲ ਪੂਰੀ ਨਹੀਂ ਹੋ ਸਕਦੀ। ਮੈਂ ਕਈ ਥਾਵਾਂ ਤੇ ਇਸ ਤਰ੍ਹਾਂ ਦੀ ਵੀ ਇਕ ਕਥਾ ਪੜ੍ਹੀ ਹੈ ਕਿ ਵਿਸ਼ਵ ਦੇ ਸਭ ਤੋਂ ਪਹਿਲੇ ਘੁਮਾਰ ਨੂੰ ਬਾਬਾ ਵਿਸ਼ਕਰਮਾ ਨੇ ਚੱਕ ਬਣਾਕੇ ਦਿਤਾ ਸੀ। ਉਦੋਂ ਤੋਂ ਲੈ ਕੇ ਸਾਡੇ ਦੇਸ਼ ਦੇ ਇਹ ਨਿਰਬਾਣ ਜੀਵਨ ਜੀਊਣ ਵਾਲੇ ਲੋਕ ਸ਼ਹਿਰਾਂ ਅਤੇ ਖਾਸ ਕਰਕੇ ਪਿੰਡਾਂ ਦੇ ਲੋਕਾਂ ਦੇ ਜੀਵਨ ਦੀਆਂ ਦੈਨਿਕ ਲੋੜਾਂ ਨੂੰ ਮੁਖ ਰਖ ਕੇ ਛੋਟੇ ਛੋਟੇ ਵੱਡੇ ਭਾਂਡੇ, ਪਿਆਲੇ, ਛੋਟੇ ਗੁਲਦਸਤੇ, ਵੱਡੇ ਫੁਲਦਾਨ, ਘੜੇ-ਸੁਰਾਹੀਆਂ ਅਤੇ ਹੋਰ ਕਿੰਨਾ ਹੀ ਕੁਝ ਏਨੇ ਕਲਾਤਮਕ ਢੰਗ ਨਾਲ ਤਿਆਰ ਕਰਦੇ ਆਏ ਹਨ ਕਿ ਹੈਰਾਨੀ ਹੁੰਦੀ ਹੈ। ਬਹੁਤੀ ਹੈਰਾਨੀ ਇਸ ਗੱਲ ਦੀ ਹੈ ਕਿ ਸਾਧਾਰਣ ਮਿੱਟੀ ਵਿਚੋਂ ਏਡੀ ਉੱਚ ਪੱਧਰੀ ਕਲਾ ਨੂੰ ਜਨਮ ਦੇਣ ਵਾਲਾ ਇਹ ਕਲਾਕਾਰ ਕਿਵੇਂ ਗਰੀਬੜਾ ਜੀਵਨ ਜੀਉ ਰਿਹਾ ਹੈ। ਅੱਜ ਦੇ ਸਨਅੱਤੀ ਯੁਗ ਵਿਚ ਵੀ ਘੁਮਾਰ ਦੀ ਕਲਾ ਦਾ ਮੁਕਾਬਲਾ ਕੋਈ ਨਹੀਂ ਕਰ ਸਕਿਆ।

ਲੋਕ ਭਾਵੇਂ ਫਰਿਜ ਵਿਚ ਲਗਾ ਹੋਇਆ ਅਤੇ ਬਰਫ ਵਾਲਾ ਠੰਡਾ ਪਾਣੀ ਵੀ ਪੀਣ ਲਗ ਪਏ ਨੇ ਪਰ ਜਿੰਨਾ ਆਨੰਦ ਘੜੇ ਤੇ ਸੁਰਾਹੀ ਦਾ ਠੰਡਾ ਪਾਣੀ ਪੀ ਕੇ ਮਿਲਦਾ ਹੈ, ਉਹ ਅਦੁਤੀ ਹੈ ਕਿਉਂ ਕਿ ਘੜੇ ਵਿਚ ਮਿੱਟੀ ਦੀ ਮਹਿਕ ਅਤੇ ਘੁਮਾਰ ਦੀ ਕਲਾਤਮਕ ਮਿਹਨਤ ਵੀ ਸ਼ਾਮਲ ਹੁੰਦੀ ਹੈ। ਇਸੇ ਕਰਕੇ ਹੀ ਘੁਮਾਰ ਵੀ ਬ੍ਰਹਮਾ ਜੀ ਵਾਂਗ ਪ੍ਰਜਾਪਤੀ ਦਾ ਸਥਾਨ ਰਖਦਾ ਸੀ।...ਪਰ ਫੇਰ ਵੀ ਘੁਮਾਰ ਦੀ ਕਲਾ ਦੀ ਬਹੁਤ ਘਟ ਕਦਰ ਹੁੰਦੀ ਹੈ। ਇਸੇ ਕਰਕੇ ਹੀ ਹੁਣ ਬਹੁਤ ਸਾਰੇ ਘੁਮਾਰ ਆਪਣੇ ਜੱਦੀ ਲੋਕ ਉਪਕਾਰੀ ਪਰ ਕਲਾਤਮਕ ਕੰਮ ਨੂੰ ਛੱਡ ਕੇ ਦਫਤਰਾਂ ਦੇ ਬਾਬੂ ਜਾਂ ਦੁਕਾਨਦਾਰ ਬਣਦੇ ਜਾ ਰਹੇ ਨੇ। ਜਿੱਥੇ ਪੁਜ ਕੇ ਉਹਨਾਂ ਕੋਲ ਕੋਈ ਕਲਾ ਤੇ ਨਹੀਂ ਰਹਿੰਦੀ ਪਰ ਉਹਨਾਂ ਦੀ ਇੱਜ਼ਤ ਕਾਫੀ ਹੋਣ ਲਗ ਪੈਂਦੀ ਹੈ।

ਲੋਕਾਂ ਦੇ ਘਰਾਂ ਨੂੰ ਸਜੀਲਾ ਤੇ ਸ਼ਿੰਗਾਰ ਭਰਪੂਰ ਬਣਾਨ ਲਈ ਮਿੱਟੀ ਦੀਆਂ ਮੂਰਤੀਆਂ ਵਾਂਗ ਹੀ ਸਾਡੇ ਬਜ਼ੁਰਗ ਪੱਥਰ ਦੀਆਂ ਮੂਰਤੀਆਂ, ਧਾਤ ਦੀਆਂ ਮੂਰਤੀਆਂ ਆਦਿ ਦਾ ਕੰਮ ਵੀ ਕਰਦੇ ਸਨ।

ਲਕੜੀ ਦਾ ਕਲਾਤਮਕ ਕੰਮ ਕਰਨ ਵਾਲੇ ਵਿਸ਼ਵ-ਕਰਮਾ ਦੇ ਪੁਜਾਰੀ ਤਰਖਾਣਾਂ ਨੇ ਤਾਂ ਸਧਾਰਣ ਭਾਂਤਾਂ ਦੀ ਲਕੜੀ ਵਿਚੋਂ ਮੂਰਤੀਆਂ, ਖਿਡੌਣੇ, ਕਾਮ ਦੇਵ ਦੇ ਪ੍ਰਤੀਕ ਤੋਤੇ, ਮਨੁੱਖੀ ਲਾਲਸਾ ਅਤੇ ਖਾਹਿਸ਼ਾਂ ਦੇ ਪ੍ਰਤੀਕ ਬਲਦ ਤੇ ਘਰ ਦੇ ਸ਼ਿੰਗਾਰ ਦਾ ਸਮਾਨ—ਬਹੁਰੂਪੀ ਅਤੇ ਬਹੁਤੀ ਭਾਂਤੀ ਫਰਨੀਚਰ ਤੇ ਲਾਟੂ ਤੋਂ ਲੈਕੇ ਮਧਾਣੀਆਂ, ਘੋਟਣਿਆਂ ਅਤੇ ਚਰਖਿਆ ਤਕ ਸਾਰਾ ਹੀ ਸਾਮਾਨ ਏਨੀ ਕਲਾਤਮਕ ਗੋਝ ਨਾਲ ਤਿਆਰ ਕੀਤਾ ਕਿ ਲੋਕ ਅਸ਼-ਅਸ਼ ਕਰ ਉਠੇ—

ਚਰਖਾ ਤਾਂ ਜੇਕੁਰ ਭਾਬੀ ਦਾ
ਗਿਣਗਿਣ ਮੇਖਾਂ ਲਾਈਆਂ।
ਹੁਣ ਨਾ ਜਾਣ ਦੀਆਂ
ਦਿਉਰਾਂ ਨੂੰ ਭਰਜਾਈਆਂ।

ਪੁਰਾਤਨ ਘਰਾਂ ਦੇ ਵੇਲ ਬੂਟਿਆਂ ਵਾਲੇ ਦਰਸ਼ਨੀ ਦਰਵਾਜ਼ੇ ਵੇਖਕੇ ਸਿਰ ਨਿਉਂ ਜਾਂਦਾ ਹੈ। ਤਰਖਾਣਾਂ ਦੀ ਸੋਹਜ ਭਰੀ ਕਾਰੀਗਰੀ ਨੇ ਸਦੀਆਂ ਤਕ ਪੰਜਾਬ ਜੀਵਨ ਨੂੰ ਕਲਾਤਮਕ ਰੰਗ-ਰੂਪ ਪ੍ਰਦਾਨ ਕਰਨ ਵਿਚ ਬਹੁਤ ਯੋਗਦਾਨ ਦਿਤਾ ਹੈ।

ਮੋਹਨ ਭੰਡਾਰੀ ਦੀ ਇਕ ਕਹਾਣੀ ਘੋਟਣਾ ਵਿਚ ਤਰਖਾਣ ਲੋਕਾਂ ਲਈ ਏਨੇ ਵਧੀਆ ਘੋਟਣੇ ਤਿਆਰ ਕਰਦਾ ਹੈ ਕਿ ਹਰ ਕੁੜੀ ਆਪਣੇ ਦਾਜ ਨਾਲ ਉਹ ਘੋਟਣਾ ਜ਼ਰੂਰ ਲੈਕੇ ਜਾਂਦੀ ਹੈ। ਜਿਸ ਕੁੜੀ ਨੂੰ ਦਾਜ ਵਿਚ ਘੋਟਣਾ ਨਹੀਂ ਮਿਲਦਾ, ਉਹ ਦੁੱਖੀ ਹੁੰਦੀ ਹੈ—

ਦਾਜ ਵਿਚ ਨਹੀਂ ਘੋਟਣਾ
ਝੋਰਾ ਉਹਦਿਆਂ ਹੱਡਾਂ ਨੂੰ ਖਾਵੇ

ਜਿਨਾਂ ਸਿਦਕੀ ਲੋਕ ਕਲਾਕਾਰਾਂ ਨੇ ਹਾਥੀ ਦੰਦ ਦੇ ਕੰਮ ਨੂੰ ਕਲਾਤਮਕ ਸਿਖਰਾਂ ਤੇ ਪਹੁੰਚਾਇਆ, ਉਨਾਂ ਦਾ ਗੁਣਗਾਣੇ ਕਿਵੇਂ ਕਰੀਏ।

ਪੁਰਾਤਨ ਕਾਲ ਤੋਂ ਹੀ ਸਾਡੇ ਕਾਰੀਗਰਾਂ ਨੇ ਕਾਰੀ-ਗਰੀ ਦੇ ਅਵਤਾਰ ਵਿਸ਼ਵਕਰਮਾ ਨੂੰ ਸਭ ਤੋਂ ਵਧ ਸਤਿਕਾਰ ਦਿਤਾ ਹੈ। ਸ਼ਸਤਰਾਂ, ਵਿਮਾਨਾਂ, ਗਹਿਣਿਆਂ ਅਤੇ ਨਗਰਾਂ ਦੀ ਘਾੜਤੀ ਉਸਾਰੀ ਵਾਸਤੇ ਦੇਵਤੇ ਵੀ ਹਰ ਵੇਲੇ ਵਿਸ਼ਵ-ਕਰਮਾ ਦੇ ਦਰ ਤੇ ਢੁੱਕੇ ਰਹਿੰਦੇ ਹਨ।

ਸਾਡੇ ਇਹ ਲੋਕ—ਕਲਾਕਾਰ ਕੇਵਲ ਮਿੱਟੀ, ਪੱਥਰ, ਧਾਤ ਜਾਂ ਲਕੜੀ ਦੇ ਕੰਮ ਕਰਨ ਵਾਲੇ ਹੀ ਨਹੀਂ ਸਨ। ਆਪਣੀਆਂ ਕਿਰਤਾਂ ਨੂੰ ਉਹ ਬਾਕਾਇਦਾ ਤੋਰ ਤੇ ਰੰਗਾਂ ਨਾਲ ਵੀ ਸ਼ਿੰਗਾਰ ਦੇ ਸਨ। ਰੰਗ ਜਿੰਦਗੀ ਨੂੰ ਸੁੱਖ ਵੀ ਦਿੰਦੇ ਹਨ ਅਤੇ ਭਰਪੂਰ ਹੁਲਾਰਾ ਵੀ।

ਇਹੋ ਹੀ ਕਾਰਨ ਹੈ ਕਿ ਉਹ ਕਲਾ ਕਿਰਤਾਂ ਲੋਕਾਂ ਨੂੰ ਚੰਗੀਆਂ ਲਗਦੀਆਂ ਸਨ। ਲੋਕਾਂ ਦੇ ਸੋਹਜ ਸੁਆਦ ਦੀ ਤ੍ਰਿਪਤੀ ਲਈ ਅਤੇ ਉਨਾਂ ਨੂੰ ਚੰਗੀਆਂ ਲਗਦੀਆਂ ਬਣਾਨ ਵਾਸਤੇ ਲੋਕ-ਕਲਾ ਕਿਰਤਾਂ ਦੇ ਸਿਰਜਣ-ਹਾਰਿਆਂ ਨੇ ਕਲਾ



Sri Satguru Jagjit Singh Ji Elibrary NamdhariElibrary@gmail.com

ਦਾ ਜਿੰਨਾ ਵਿਕਾਸ ਕੀਤਾ ਉਹਦਾ ਵਰਣਨ ਕੁਝ ਕੁ ਸ਼ਬਦਾਂ ਵਿਚ ਨਹੀਂ ਹੋ ਸਕਦਾ।

ਤਸਵੀਰਾਂ, ਕੈਲੰਡਰ ਅਤੇ ਚਿੱਤਰ ਬਣਾਨ ਅਤੇ ਵੇਚਣ ਵਾਲੀਆਂ ਸੰਸਥਾਵਾਂ ਤੇ ਦੁਕਾਨਾਂ ਕਿਤੇ ਨਹੀਂ ਸਨ ਹੁੰਦੀਆਂ, ਇਸ ਲਈ ਉਤਸਵਾਂ ਅਤੇ ਮੇਲਿਆਂ-ਮਸਾਵਿਆਂ ਦੇ ਅਵਸਰ ਨੂੰ ਰੰਗੀਨ ਬਣਾਨ ਵਾਸਤੇ ਘਰ ਦੀਆਂ ਕੱਚੀਆਂ ਕੰਧਾਂ ਤੇ ਹੀ ਚਿੱਤਰ ਉਲੀਕੇ ਜਾਂਦੇ ਸਨ। ਉਤਰੀ ਭਾਰਤ ਦੇ ਕੰਧ ਚਿਤਰਾਂ ਨੂੰ ਸੰਭਾਲਣ ਅਤੇ ਉਨਾਂ ਬਾਰੇ ਲਿਖਣ ਵਾਸਤੇ ਡਾ: ਕੇ. ਐਸ. ਕੰਗ ਨੇ ਬਹੁਤ ਕੰਮ ਕੀਤਾ ਹੈ। ਇਸ ਤਰ੍ਹਾਂ ਹੀ ਪੁਰਾਤਨ ਅਤੇ ਮਧਕਾਲੀ ਚਿਤਰਕਾਰੀ ਦੇ ਨਮੂਨਿਆਂ ਨੂੰ ਸੰਭਾਲਣ ਅਤੇ ਉਨਾਂ ਬਾਰੇ ਲਿਖਣ ਵਾਸਤੇ ਡਾ: ਐਮ. ਐਸ. ਰੰਧਾਵਾ ਦਾ ਕੰਮ ਬਹੁਤ ਸ਼ਲਾਘਾ ਯੋਗ ਹੈ। ਲੋਕ ਕਲਾਵਾਂ ਬਾਰੇ ਲਿਖਕੇ ਅਤੇ ਉਨਾਂ ਨੂੰ ਸੰਭਾਲਣ ਵਾਸਤੇ ਵਿਦ-ਵਾਨਾਂ ਵਿਚ ਚੇਤਨਾ ਭਰਨ ਵਾਸਤੇ ਡਾ: ਪਾਂਡੇ ਨੇ ਵੀ ਕਾਫੀ ਕੰਮ ਕੀਤਾ ਹੈ।

ਕੁਝ ਲੋਕ ਕੇਵਲ ਕੰਧਾਂ ਦੇ ਅੰਦਰ-ਬਾਹਰ ਅਤੇ ਛੱਤਾਂ ਦੇ ਅੰਦਰਲੇ ਪਾਸੇ ਦੇਵੀ/ਦੇਵਤਿਆਂ, ਗੁਰੂਆਂ, ਪੀਰਾਂ ਤੇ ਅਵਤਾਰਾਂ ਦੀਆਂ ਤਸਵੀਰਾਂ ਬਣਾਨ ਦੇ ਬਹੁਤ ਮਾਹਰ ਸਨ। ਭਗਵਾਨ ਰਾਮ, ਸ੍ਰੀ ਕ੍ਰਿਸ਼ਣ ਅਤੇ ਮਾਂ ਦੁਰਗਾ ਦੇ ਚਿੱਤਰ ਬਹੁਤੀਂ ਥਾਵੀਂ ਲਭਦੇ ਹਨ। ਗੁਰੂ ਨਾਨਕ ਭਾਈ ਬਾਲਾ ਤੇ ਮਰਦਾਨਾ ਦਾ ਚਿੱਤਰ ਵੀ ਮਧਕਾਲ ਤੋਂ ਮਗਰੋਂ ਪੰਜਾਬ ਦੇ ਅਕਸਰ ਪਿੰਡਾਂ ਵਿਚ ਰੂਪਮਾਨ ਕੀਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੀਲੇ ਘੋੜੇ ਤੇ ਸੁਆਰ ਵੀ ਚਿੱਤਰਾਂ ਵਿਚ ਵਿਖਾਏ ਗਏ ਹਨ। ਇਹ ਲੋਕ ਗਊਆਂ ਬਲਦਾਂ ਅਤੇ ਹੋਰ ਜਾਨਵਰਾਂ ਦੀਆਂ ਤਸਵੀਰਾਂ ਬਣਾਕੇ ਵੀ ਆਪਣੀ ਰਚ-ਨਾਤਮਕ ਕਲਾ ਦਾ ਪ੍ਰਗਟਾਵਾ ਕਰਦੇ ਸਨ।

ਇਥੇ ਅਹੋਈ ਦੀ ਕੰਧ-ਚਿੱਤਰ ਕਲਾ ਬਾਰੇ ਗੱਲ ਕਰਨੀ ਜ਼ਰੂਰੀ ਬਣਦੀ ਹੈ।

ਅਹੋਈ ਦਾ ਤਿਉਹਾਰ ਸਾਡੇ ਘਰਾਂ ਵਿਚ ਕੱਤਕ ਮਹੀਨੇ ਦੀ ਕ੍ਰਿਸ਼ਣ ਅਸ਼ਟਮੀ ਨੂੰ ਮਨਾਇਆ ਜਾਂਦਾ ਸੀ।

ਦਿਨ ਭਰ ਦਾ ਵਰਤ ਰਖਕੇ ਔਰਤਾਂ ਘਰ ਦੀ ਰਸੋਈ ਕੋਲ ਜਾਂ ਕਿਸੇ ਹੋਰ ਨੇੜਲੀ ਕੰਧ ਉਪਰ ਅਹੋਈ ਦਾ ਚਿੱਤਰ ਵਾਹੁੰਦੀਆਂ ਸਨ। ਉਹਦੇ ਵਿਚ ਅੱਠ ਘਰ ਬਣਾਕੇ ਇਕ ਪੁਤਲੀ ਬਣਾਈ ਜਾਂਦੀ ਸੀ ਅਤੇ ਉਹਦੇ ਨੇੜੇ ਕਿਤੇ-ਕਿਤੇ ਸਹੀ ਦੇ ਬੱਚਿਆਂ ਦੀ ਅਤੇ ਸਾਹੀ ਦੀ ਸ਼ਕਲ ਵਾਹੀ ਜਾਂਦੀ ਸੀ। ਅਹੋਈ ਦੇ ਚਿੱਤਰ ਨੇੜੇ ਹੀ ਦੀਵਾਲੀ ਪੂਜਣ ਦੀ ਤਸਵੀਰ ਬਣਾਈ ਜਾਂਦੀ ਸੀ। ਫੇਰ ਜ਼ਮੀਨ ਤੇ ਚੌਕ ਪੂਰ ਕੇ ਪੀਲੇ ਰੰਗ ਨਾਲ ਰੰਗੇ ਹੋਏ ਕਲਸ਼ ਦੀ ਸਥਾਪਨਾ ਕੀਤੀ ਜਾਂਦੀ ਸੀ।

ਉਸ ਦਿਨ ਹਰ ਪ੍ਰਕਾਰ ਦੀ ਕੱਚੀ ਰਸੋਈ ਬਣਾਕੇ ਉਹਨੂੰ ਥਾਲ ਵਿਚ ਪਰੋਸਣ ਉਪਰੰਤ ਭੋਗ ਲਈ ਤਿਆਰ ਕੀਤਾ ਜਾਂਦਾ ਸੀ। ਕਲਸ-ਪੂਜਣ ਮਗਰੋਂ ਦੀਵਾਰ ਤੇ ਵਾਹੀ ਹੋਈ ਮੂਰਤੀ ਦੀ ਪੂਜਾ ਕੀਤੀ ਜਾਂਦੀ ਅਤੇ ਫੇਰ ਦੁੱਧ-ਭਤ ਦਾ ਭੋਗ ਲਗਾਕੇ ਅਹੋਈ ਨਾਲ ਸਬੰਧਤ ਕਥਾਵਾਂ ਸੁਣੀਆਂ/ਸੁਣਾਈਆਂ ਜਾਂਦੀਆਂ ਸਨ।

ਅਹੋਈ ਦੇ ਚਿਤਰ ਵੀ ਔਰਤ ਬਹੁਤ ਰੀਝ ਨਾਲ ਵਾਹੁੰਦੀਆਂ ਸਨ ਅਤੇ ਇਹ ਕਲਾ ਅਤੇ ਅਹੋਈ ਦਾ ਤਿਉਹਾਰ ਅਜ ਤਕ ਵੀ ਕਾਇਮ ਹੈ। ਇਸ ਤੋਂ ਵੀ ਔਰਤਾਂ ਦੀ ਸਿਰਜਣਾਤਮਕ ਪ੍ਰਤਿਭਾ ਦਾ ਕਾਫੀ ਗਿਆਨ ਹੁੰਦਾ ਹੈ।

ਮਕਾਨਾਂ ਦੇ ਬਣਨ ਉਪਰੰਤ ਜਿਹੜੇ ਲੋਕ ਤੌੜੀ ਦੇ ਥੱਲੇ ਨੂੰ ਕਈ ਸ਼ਕਲਾਂ ਅਤੇ ਰੰਗਾਂ ਨਾਲ ਚਿਤਰ ਕੇ ਨਜ਼ਰ ਟਪਾਰ ਤੋਂ ਮਕਾਨ ਨੂੰ ਬਚਾਨ ਲਈ ਮਕਾਨਾਂ ਦੇ ਬਾਹਰ ਲਟਕਾਇਆ ਕਰਦੇ ਸਨ ਉਹ ਤੌੜੀ-ਚਿਤਰ ਵੀ ਲੋਕ--ਕਲਾ ਦੇ ਦੁਰਲਭ ਨਮੂਨੇ ਹਨ।

ਕੰਧਾਂ ਅਤੇ ਛੱਤਾਂ ਉਤੇ ਬਣੇ ਹੋਏ ਚਿਤਰਾਂ ਦੇ ਰੰਗ ਏਨੇ ਪੱਕੇ ਹਨ ਕਿ ਹਾਲੇ ਤਕ ਵੀ ਉਨਾਂ ਦਾ ਉਹੋ ਹੀ ਰੂਪ ਕਾਇਮ ਹੈ। ਪਰ ਪੁਰਾਤਨ ਘਰਾਂ ਦੇ ਢਹਿਣ ਨਾਲ ਇਹ ਕਲਾ ਵੀ ਢਹਿ ਢੇਰੀ ਹੋ ਰਹੀ ਹੈ। ਜਦੋਂ ਕਿ ਅਜ ਦੇ ਪੇਸ਼ਾਵਰ ਚਿਤਰਕਾਰ ਵੀ ਇਸ ਕਲਾ ਨੂੰ ਸੰਭਾਲਣ ਵਾਸਤੇ ਕੋਈ ਠੋਸ ਕੰਮ ਨਹੀਂ ਕਰ ਰਹੇ।

ਕੰਧ ਚਿਤਰਾਂ ਦੇ ਹਰਾਸ ਦਾ ਇਕ ਹੋਰ ਕਾਰਣ ਇਹ ਹੈ ਕਿ ਅਜ ਲੋਕਾਂ ਨੂੰ ਹਰ ਤਰਾਂ ਦੀਆਂ ਤਸਵੀਰਾਂ ਅਤੇ ਚਿਤਰ ਰੰਗੀਨ ਰੂਪ ਵਿਚ ਛਪੇ-ਛਪਾਏ ਮਿਲ ਜਾਂਦੇ ਹਨ। ਜਿਸ ਕਰਕੇ ਲੋਕ ਘਰਾਂ ਦੀਆਂ ਕੰਧਾਂ ਤੇ ਚਿਤਰ ਬਣਾਨ ਦੇ ਕੰਮ ਨੂੰ ਮਹਿੰਗਾ ਅਤੇ ਬੇਲੋੜਾ ਸਮਝਣ ਲਗ ਪਏ ਹਨ।

ਗੁਰੂ ਨਾਨਕ ਸਾਹਿਬ ਨੇ ਕਿਵੇਂ ਕਾਨਿਆਂ ਦੀ ਰਬਾਬ ਬਣਾਈ, ਇਸ ਬਾਰੇ ਅਸੀਂ ਪਹਿਲਾਂ ਗੱਲ ਕਰ ਚੁੱਕੇ ਹਾਂ। ਜੇਕਰ ਸਾਡੇ ਕੋਲ ਗੁਰੂ ਸਾਹਿਬ ਦੀ ਇਹ ਰਬਾਬ ਹੁੰਦੀ ਤਾਂ ਇਹ ਮਹਾਨ ਨਮੂਨਾ ਤਸਲੀਮ ਕੀਤੀ ਜਾਂਦੀ।

ਮੂੜ੍ਹੇ, ਟੋਕਰੀਆਂ, ਛਿੱਕੂ ਅਤੇ ਛੱਜ ਸਾਡੇ ਜੀਵਨ ਦੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਕਰਦੇ ਸਨ। ਤ੍ਰਿੰਞਣ ਦੀਆਂ ਕੁੜੀਆਂ ਜੇਕਰ ਚਰਖਾ ਲੋੜੀਂਦਾ ਸੀ, ਤਾਂ ਕਰਨੀ

Sri Satguru Jagjit Singh Ji Elibrary NamdhariElibrary@gmail.com

ਅਤਿਅੰਤ ਜ਼ਰੂਰੀ ਸੀ—

ਮੇਰੀ ਕੱਤਨੀ ਨਸੀਬਾਂ ਵਾਲੀ
ਭਰੀ ਰਹਿੰਦੀ ਲੱਡੂਆਂ ਦੀ

ਨਵੇਂ ਜੰਮੇ ਬਾਲ ਨੂੰ ਪਰਚਾਣ ਲਈ ਛਣਕਣੇ ਦੀ ਵੀ ਲੋੜ ਹੁੰਦੀ ਸੀ। ਇਹ ਸਾਰੀਆਂ ਚੀਜ਼ਾਂ ਸਾਧਾਰਣ ਕਿਸਮ ਦੀਆਂ ਵੀ ਬਣ ਸਕਦੀਆਂ ਸਨ ਪਰ ਸਾਡੇ ਘਰਾਂ ਵਿਚ ਅਕਸਰ ਔਰਤਾਂ ਦੱਬ ਅਤੇ ਸਰਵਾੜ ਨੂੰ ਲੈ ਕੇ ਛਿੱਕੂ, ਮੂੜੇ, ਟੋਕਰੀਆਂ, ਛਣਕਣੇ ਆਦਿ ਬੜੀ ਰੀਝ ਨਾਲ ਬਣਾਦੀਆਂ ਸਨ। ਅਤੇ ਕਾਨਿਆਂ ਦੇ ਛੱਜ ਬੜੇ ਦਿੱਖ ਵਾਲੇ ਹੁੰਦੇ ਸਨ।

ਇਹਨਾਂ ਵਿਚੋਂ ਸਭ ਤੋਂ ਵਧ ਕਲਾਤਮਕ ਰੂਪ ਵਿਚ ਸੁਹਾਗ ਪਟਾਰੀ ਦੀ ਬਣਤ ਬਣਾਈ ਜਾਂਦੀ ਸੀ। ਸੁਹਾਗ ਪਟਾਰੀ ਆਮ ਤੌਰ ਤੇ ਦੱਬ ਦੀ ਬਣੀ ਹੋਈ ਹੁੰਦੀ ਸੀ ਅਤੇ ਉਸ ਦੇ ਅੰਦਰ ਦੁਲਹਣ ਦਾ ਮੁਖੜਾ ਵੇਖਣ ਵਾਸਤੇ ਦਰਪਣ ਵੀ ਜੜਿਆ ਹੋਇਆ ਹੁੰਦਾ ਸੀ। ਉਸ ਵਿਚ ਸੁਹਾਗਣ ਵਾਸਤੇ ਹਾਰ ਸ਼ਿੰਗਾਰ ਦਾ ਸਾਰਾ ਹੀ ਸਾਮਾਨ—ਗਹਿਣੇ, ਮੌਲੀ, ਮਹਿੰਦੀ, ਪਰਾਂਦੀ, ਕੰਘੀ, ਸੁਰਮਾ, ਸੁਰਖੀ ਬਿੰਦੀ, ਸੰਧੂਰ ਤੇ ਨਹੁੰ ਪਾਲਿਸ਼ ਆਦਿ ਹੁੰਦਾ ਸੀ। ਦੂਰ ਪਾਰ ਦੇ ਪਿੰਡਾਂ ਵਿਚ ਹਾਲੇ ਤਕ ਵੀ ਇਹ ਕਲਾ ਜੀਉਂਦੀ ਹੈ।

ਪੁਰਾਣੇ ਵੇਲਿਆਂ ਵਿਚ ਪੱਖੀਆਂ ਵੀ ਬੜੀਆਂ ਕਲਾਤਮਕ ਹੁੰਦੀਆਂ ਸਨ। ਇਹ ਖਜੂਰ ਦੇ ਪੱਤਿਆਂ ਦੀਆਂ ਬੈਂਤ ਦੀਆਂ ਅਤੇ ਆਮ ਤੌਰ ਤੇ ਕਪੜੇ ਦੀ ਕਢਾਈ ਵਾਲੀਆਂ ਹੁੰਦੀਆਂ ਸਨ। ਪੱਖੀਆਂ ਵੀ ਸੁਹਾਗ ਪਟਾਰੀ ਵਾਂਗ ਦਾਜ ਦਾ ਜ਼ਰੂਰੀ ਹਿੱਸਾ ਸਨ। ਪੱਖੀਆਂ ਦੇ ਮਾਧਿਅਮ ਨਾਲ ਪੰਜਾਬਣਾਂ ਆਪਣੇ ਪਰਦੇਸੀ ਪਤੀ ਨੂੰ ਵੀ ਚੇਤੇ ਕਰਦੀਆਂ ਸਨ :—

ਲਿਖ ਪਰਵਾਨਾ ਭੇਜਾਂ ਵੇ, ਘਰ ਪੱਖੀ ਦੀ ਲੋੜ
ਢੋਲ ਮੇਰਾ, ਮਾਹੀ ਵੇ, ਘਰ ਪੱਖੀ ਦੀ ਲੋੜ
ਕੁਝ ਬਾਲ ਨਿਆਣੇ ਵੇ, ਗਰਮੀ ਕਰਦੀ ਏ ਜ਼ੋਰ
ਲੈ ਪੱਖੀ ਮੈਂ ਬੈਠੀ ਪੀੜ੍ਹੇ, ਸਸੂ ਮਾਰੇਗੀ ਬੋਲ
ਲੈ ਲੈ ਸੱਸੂ ਨੀ ਪੱਖੀ ਆਪਣੀ, ਮਾਹੀ ਘਲੇਗਾ ਹੋਰ
ਲੈ ਪੱਖੀ ਮੈਂ ਬੈਠੀ ਪਲੰਘੇ, ਨਣਦ ਮਾਰੇਗੀ ਬੋਲ
ਦਿਲ ਵਿਚ ਰਖਦੇ ਸਾਰੇ ਗੁੱਸਾ, ਪੱਖੀ ਛਡੀ ਮਰੋੜ

ਪਰ ਇਨ੍ਹਾਂ ਚੀਜ਼ਾਂ ਦੀ ਥਾਂ ਤੇ ਵਧੇਰੇ ਫੈਸ਼ਨੇਬਲ ਕਿਸਮ ਦੀਆਂ ਬਣੀਆਂ ਹੋਈਆਂ ਵਸਤਾਂ ਨੇ ਮੱਲ ਲਈ ਹੈ। ਜਿਸ ਕਰਕੇ ਅੱਜ ਦੀਆਂ ਪੰਜਾਬਣਾਂ ਇਨਾਂ ਨੂੰ ਬਨਾਣ ਵਾਸਤੇ ਸਮਾਂ ਨਸ਼ਟ ਕਰਨਾ ਗਵਾਰਾ ਨਹੀਂ ਕਰਦੀਆਂ। ਉਹ ਦਫਤਰਾਂ, ਸਕੂਲਾਂ ਅਤੇ ਹੋਰ ਸੰਸਥਾਵਾਂ ਵਿਚ ਕੰਮ ਕਰਨਾ ਵਧੇਰੇ ਮਹੱਤਵ ਪੂਰਨ ਸਮਝਦੀਆਂ ਹਨ। ਨਾਲ ਤਲਖ ਹਕੀਕਤ ਤਾਂ ਇਹ ਹੈ ਕਿ ਉਹ ਇਹਨਾਂ ਵਸਤਾਂ ਨੂੰ ਬਣਾਨ ਦੀ ਕਲਾ ਵੀ ਨਹੀਂ ਜਾਣਦੀਆਂ।

ਹਾਂ, ਸਾਡੇ ਕੁਝ ਦੋਸਤ, ਫੈਸ਼ਨ ਦੇ ਤੋਰ ਤੇ ਆਪਣੇ ਡਰਾਇੰਗ ਰੂਮ ਵਿਚ ਛਿੱਕੂ, ਛੱਜ ਜਾਂ ਛਣਕਣੇ ਟੰਗ ਕੇ ਬੜੇ ਖੁਸ਼ ਹੁੰਦੇ ਨੇ, ਪਰ ਇਸ ਕਲਾ ਨੂੰ ਸੁਰਜੀਤ ਰਖਣ ਲਈ ਕੋਈ ਵੀ ਜਤਨ ਨਹੀਂ ਕਰ ਰਿਹਾ। ਸ਼ਾਇਦ ਹੋ ਵੀ ਨਹੀਂ ਸਕਦਾ। ਕਿਉਂਕਿ ਸਮੇਂ ਦੀ ਲੋੜ ਨਹੀਂ ਰਹੀ।

ਸਾਡੇ ਬਹੁਤ ਸਾਰੇ ਲੋਕ ਕਲਾਕਾਰ ਢੱਡਾਂ, ਸਾਰੰਗੀਆਂ, ਤੂੰਬੀਆਂ, ਬਾਂਸੁਰੀਆਂ, ਅਲਗੋਜ਼ੇ, ਢੋਲਕੀਆਂ, ਡਮਰੂ ਅਤੇ ਖੰਜੜੀਆਂ, ਮਟੀਆਂ ਤੇ ਛੈਣੇ ਆਦਿ ਕਲਾਤਮਕ ਢੰਗ ਨਾਲ ਬਣਾਕੇ ਲੋਕ ਗਾਇਕਾਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਰਹੇ ਹਨ। ਪੁਰਾਤਨ ਕਾਲ ਦੇ ਬਣੇ ਹੋਏ ਇਨਾਂ ਸਾਜ਼ਾਂ ਨੂੰ ਵੀ ਸੰਭਾਲਣ ਦੀ ਲੋੜ ਹੈ। ਪਰ ਸਾਡੇ ਕੋਲ ਤਾਂ ਭਾਈ ਮਰਦਾਨੇ ਦੀ ਰਬਾਬ ਵੀ ਨਹੀਂ ਹੈ।

ਇਹਨਾਂ ਲੋਕ ਕਲਾਵਾਂ ਦੇ ਇਲਾਵਾ ਕਸੀਦਾਕਾਰੀ ਦੀ ਕਲਾ ਪੰਜਾਬੀ ਜੀਵਨ ਦਾ ਇਕ ਬਹੁਤ ਹੀ ਭਰਪੂਰ ਅਤੇ ਅਨਿਖੜਵਾਂ ਅੰਗ ਰਹੀ ਹੈ। ਘਰਾਂ ਵਿਚ ਕੁੜੀਆਂ ਅਤੇ ਵਹੁਟੀਆਂ ਵਿਹਲ ਨੂੰ ਪੂਰਨ ਲਈ, ਧੀਆਂ ਦੇ ਦਾਜ ਵਾਸਤੇ ਅਤੇ ਘਰ ਦੇ ਵਸਤਰਾਂ ਨੂੰ ਕਲਾਤਮਕ ਰੂਪ ਦੇਣ ਲਈ ਕਢਾਈ ਦਾ ਕੰਮ ਜ਼ਰੂਰ ਕਰਦੀਆਂ ਸਨ। ਕਸੀਦਾਕਾਰੀ ਵਿਚ ਫੁਲਕਾਰੀ ਦੇ ਬਹੁਭਾਂਤੀ ਨਮੂਨੇ, ਰੁਮਾਲ ਕਢਣੇ, ਪਹਿਨਣ ਵਾਲੇ ਵਸਤਰਾਂ ਤੇ ਬੂਟੀਆਂ ਪਾਉਣ ਆਦਿ ਦਾ ਬਹੁਰੰਗੀ ਕੰਮ ਬੜਾ ਪ੍ਰਮੁਖ ਰਿਹਾ ਹੈ। ਬਟਾਲੇ ਵਿਖੇ ਗੁਰੂ ਨਾਨਕ ਸਾਹਿਬ ਦੇ ਪੁਰਾਤਨ ਵਸਤਰਾਂ ਵਿਚ ਬੀਬੀ ਨਾਨਕੀ ਦਾ ਕਢਿਆ ਹੋਇਆ ਰੁਮਾਲ ਹਾਲੇ ਤਕ ਵੀ ਸਾਂਭਿਆ ਪਿਆ ਹੈ।

ਸਭੋ ਹੀ ਪੰਜਾਬਣ ਸੁਆਣੀਆਂ ਕਸੀਦੇ ਕਢਣ ਦਾ ਕੰਮ ਸਿਰਾਣੇ, ਚਾਦਰਾਂ, ਮੇਜ਼ਪੋਸ਼, ਸਿੰਧੀ, ਕਸ਼ਮੀਰੀ, ਦਸੂਤੀ ਅਤੇ ਚੋਪ ਕਢਾਈ ਦਾ ਕੰਮ ਬੜੀ ਪ੍ਰਵੀਨਤਾ ਨਾਲ ਕਰਦੀਆਂ ਸਨ। ਕਰੋਸ਼ੀਏ ਦੀ ਸਹਾਇਤਾ ਨਾਲ ਰੁਮਾਲ ਬੁਣਨ ਦਾ ਕੰਮ, ਗਲੀਚੇ ਬੁਣਨ ਦਾ ਕੰਮ, ਪੱਖੀਆਂ ਆਦਿ ਦੀਆਂ ਝਾਲਰਾਂ ਬੁਣਨ ਦਾ ਕੰਮ ਬੜਾ ਹਰਮਨ ਪਿਆਰਾ ਰਿਹਾ ਹੈ।



Sri Satguru Jagjit Singh Ji Elibrary NamdhariElibrary@gmail.com

ਇਹ ਪ੍ਰਵੀਨ ਸੁਆਣੀਆਂ ਕਰੋਸ਼ੀਏ ਨਾਲ ਹਾਥੀ, ਘੋੜੇ, ਤੋਤੇ ਅਤੇ ਹੋਰ ਜਾਨਵਰ ਇਸ ਤਰ੍ਹਾਂ ਸਾਕਾਰ ਕਰ ਦਿੰਦੀਆਂ ਸਨ ਜਿਵੇਂ ਕਿ ਹੁਣੇ ਹੀ ਉਹ ਸਾਹ ਲੈਣ ਲਗ ਪੈਣਗੇ। ਇਹਨਾਂ ਨਾਲ ਘਰ ਦੀ ਲੋੜ ਵੀ ਪੂਰੀ ਹੁੰਦੀ ਸੀ ਅਤੇ ਮਹਿਮਾਨ ਤਾਰੀਫ ਵੀ ਕਰਦੇ ਸਨ।

ਪੰਜਾਬ ਦੀ ਫੁਲਕਾਰੀ ਦੀਆਂ ਸਿਫਤਾਂ ਤਾਂ ਦੁਨੀਆਂ ਭਰ ਦੇ ਲੋਕ ਕਰ ਚੁਕੇ ਨੇ। ਪੰਜਾਬਣਾਂ ਨੇ ਜਿਹੜੀਆਂ ਫੁਲਕਾਰੀਆਂ ਬਣਾਈਆਂ, ਉਹਨਾਂ ਦੀ ਦਿਲਕਸ਼ ਕਢਾਈ ਦਾ ਮੁਕਾਬਲਾ ਦੁਨੀਆ ਵਿਚ ਕੋਈ ਨਾ ਕਰ ਸਕਿਆ। ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫੁਲਕਾਰੀ ਦੀ ਰਚਨਾ ਵੀ ਪੰਜਾਬਣਾਂ ਨੇ ਘਰਾਂ ਦੀ ਲੋੜ ਦੀ ਪੂਰਤੀ ਵਾਸਤੇ ਹੀ ਸ਼ੁਰੂ ਕੀਤੀ ਸੀ।

ਫੁਲਕਾਰੀ ਦੇ ਤਿੰਨ ਪ੍ਰਮੁਖ ਨਮੂਨਿਆਂ ਵਿਚੋਂ, ਸੁਬਰ ਅਤੇ ਸਾਲੂ ਬੜੇ ਵਿਲਖਣ ਹਨ। ਜਿਥੇ ਸਾਲੂ ਲਾਲ ਰੰਗ ਦੇ ਗੂੜੇ ਓਡਣ ਨੂੰ ਕਿਹਾ ਜਾਂਦਾ ਹੈ, ਉਥੇ ਚੋਪ ਅਤੇ ਸੁੱਬਰ ਕੁੜੀਆਂ ਦੇ ਵਿਆਹ ਸਮੇਂ, ਉਨਾਂ ਦੇ ਨਾਨਕਿਆਂ ਵਲੋਂ ਨਾਨਕੀ-ਛੱਕ ਵਿਚ ਦਿਤੀਆਂ ਜਾਣ ਵਾਲੀਆਂ ਫੁਲਕਾਰੀਆਂ ਹਨ।।

ਨਾਨੀ ਸੁਪੱਤੜੀ ਨੇ ਸੂਤ ਕੱਤਿਆ,
ਨਾਨੇ ਠੋਕ ਉਣਾਇਆ।
ਸਰਹੰਦ ਤੋਂ ਮਜੀਠ ਲਿਆਂਦੀ
ਸੂਹਾ ਚੋਪ ਰੰਗਾਇਆ।

ਦੋਹਤਰੀ ਨੂੰ ਚੂੜਾ ਚੜ੍ਹਾਣ ਵੇਲੇ ਨਾਨੀ ਚੋਪ ਦਿਆ ਕਰਦੀ ਸੀ।

ਸੁੱਬਰ ਉਹ ਓਡਣ ਹੈ, ਜਿਸ ਨੂੰ ਵਿਆਂਹਦੜ ਕੁੜੀਆਂ ਲਾਵਾਂ—ਫੇਰਿਆਂ ਵੇਲੇ ਪਹਿਨਦੀਆਂ ਸਨ। ਚੋਪ ਅਤੇ ਸੁੱਬਰ ਸ਼ਗਨਾਂ ਦੇ ਵੀ ਪ੍ਰਤੀਕ ਹਨ ਪਰ ਇਨਾਂ ਨਾਲ ਲੜਕੀਆਂ ਦਾ ਰੂਪ ਵੀ ਸਾਤਵਿਕ ਭਾਵਾਂ ਵਾਲਾ ਬਣਕੇ ਸਾਕਾਰ ਹੁੰਦਾ ਸੀ।

ਫੁਲਕਾਰੀ ਪੰਜਾਬਣ ਦੀ ਕਲਾਤਾਮਕ ਪ੍ਰਤਿਭਾ ਦੀ ਪ੍ਰਤੀਕ ਹੈ ਪਰ ਉਸ ਦੀ ਪੰਜਾਬਣ ਦੇ ਜੀਵਨ ਵਿਚ ਉਪਯੋਗਤਾ ਵੀ ਬਹੁਤ ਰਹੀ ਹੈ।

ਪੰਜਾਬ ਦੀਆਂ ਪੁਰਾਤਨ ਕਲਾਵਾਂ ਦੇ ਆਰੰਭ ਅਤੇ ਵਿਕਾਸ ਦੇ ਪੜਾਵਾਂ ਵਲ ਤਕੀਏ ਤਾਂ ਅਸੀਂ ਵੇਖਾਂਗੇ ਕਿ ਉਨਾਂ ਦਾ ਵਿਕਾਸ ਲੋਕ ਜੀਵਨ ਦੀਆਂ ਲੋੜਾਂ ਕਾਰਣ ਹੋਇਆਂ ਹੈ ਅਤੇ ਆਪਣੀ ਵਿਕਾਸ ਦੇ ਸਭਨਾਂ ਹੀ ਪੜਾਵਾਂ ਵਿਚ ਉਹ ਲੋਕ ਜੀਵਨ ਦਾ ਜ਼ਰੂਰੀ ਅੰਗ ਬਣੀਆਂ ਰਹੀਆਂ ਹਨ।

ਪੰਜਾਬੀ ਲੋਕਾਂ ਦੀ ਸੋਹਜ-ਰੁਚੀ ਨੇ ਤਾਂ ਪੈਰੀਂ ਪਾਈਆਂ ਜਾਣ ਵਾਲੀਆਂ ਜੁੱਤੀਆਂ ਨੂੰ ਵੀ ਕਲਾ ਦੇ ਉੱਤਮ ਨਮੂਨੇ ਬਣਾ ਦਿਤਾ। ਪੋਠੋਹਾਰੀ ਜੁਤੀ, ਪਿਸ਼ੌਰੀ ਚੱਪਲ, ਪਟਿਆਲਾ ਸ਼ਾਹੀ ਜੁੱਤੀ ਅਤੇ ਤਿੱਲੇਦਾਰ ਜੁੱਤੀਆਂ ਦੇ ਨਮੂਨੇ ਲੋਕਾਂ ਦੇ ਕਲਾਤਾਮਕ ਸੋਹਜ ਕਾਰਣ ਕਾਰਣ ਹੀ ਵਿਕਸਿਤ ਹੋਏ ਸਨ।

ਪਰ ਸਮੇਂ ਦੇ ਬੀਤਣ ਨਾਲ ਸਾਡੇ ਲੋਕਾਂ ਦੇ ਮਨਾਂ ਵਿਚ ਪਤਾ ਨਹੀਂ ਇਸ ਤਰਾਂ ਦੀ ਭਾਵਨਾਂ ਕਿਉਂ ਭਰਦੀ ਜਾ ਰਹੀ ਹੈ ਕਿ ਜਦੋਂ ਤਕ ਅਸੀਂ ਆਪਣੇ ਵਿਰਸੇ ਨਾਲੋਂ ਨਹੀਂ ਟੁੱਟਦੇ, ਅਸੀਂ ਆਧੁਨਿਕ ਨਹੀਂ ਬਣ ਸਕਦੇ। ਹੋ ਸਕਦੈ ਵਿਰਸੇ ਨਾਲੋਂ ਟੁਟਕੇ ਅਸੀਂ ਸਿਦਕਵਾਨ ਅਤੇ ਸੱਚੇ ਸੁਚੇ ਇਨਸਾਨ ਸ਼ਾਇਦ ਨਾ ਰਹਿ ਸਕੀਏ।

ਇਸ ਲਈ ਆਪਣੀ ਵਿਰਸੇ ਦੇ ਮੂਲ ਤੱਤਾਂ ਨੂੰ ਪਛਾਨਣਾ ਅਤੇ ਵਿਰਸੇ ਨਾਲ ਜੁੜਨਾ ਬਹੁਤ ਹੀ ਜ਼ਰੂਰੀ ਹੈ।

★


Sri Satguru Jagjit Singh Ji Elibrary NamdhariElibrary@gmail.com

ਯੁਗੋਸਲਾਵੀਆਈ ਕਹਾਣੀ

# ਮਾਂ ਦਾ ਦਿਲ

ਗਰੋਜ਼ਦਾਨਾ ਉਲਜ਼ਿਕ

ਉਹ ਬੁੱਢੀ ਹੋ ਚੱਲੀ ਸੀ ਪਰ ਸੰਤਾਨ-ਹੀਨਤਾ ਦੇ ਦੁੱਖ ਨੇ ਉਹਨੂੰ ਕਦੀ ਨਹੀਂ ਛਡਿਆ ਉਹਦੇ ਘਰ ਨੇ ਵੀ ਬੱਚਿਆ ਦੀ ਕਿਲਕਾਰੀ ਨਹੀਂ ਸੁਣੀ ਸੀ।

ਉਹ ਭਰੇ ਹੋਏ ਮਨ ਨਾਲ ਬਿਸਤਰੇ 'ਤੇ ਲੇਟੀ ਤਾਂ ਉਹਨੇ ਸੁਪਨਾ ਵੇਖਿਆ ਕਿ ਉਹ ਲਾਲ ਪੋਸਤ ਦੇ ਭਰੇ ਹੋਏ ਖੇਤਾਂ ਵਿਚ ਖਲੋਤੀ ਹੈ ਉਹਦੇ ਚਹੁੰ ਪਾਸੀ ਝੁਲਦੇ ਹੋਏ ਲਾਲ ਪੋਸਤ ਹਨ, ਜਿਸ ਤਰਾਂ ਦੇ ਉਹਨੇ ਪਹਿਲਾਂ ਕਦੀ ਨਹੀਂ ਸਨ ਵੇਖੇ, ਪ੍ਰਤੀਤ ਹੁੰਦਾ ਸੀ ਜਿਵੇਂ ਕਿ ਲਾਲ ਨਾਚੀਆਂ ਉਹਨੂੰ ਘੇਰ ਕੇ ਨਾਚ ਕਰ ਰਹੀਆਂ ਹੋਣ।

ਉਹਨੇ ਲਾਲ ਪੋਸਤ ਨੂੰ ਆਪਣੀਆਂ ਬਾਹਵਾਂ ਵਿਚ ਭਰ ਲਿਆ, 'ਇਨਾਂ ਨੂੰ ਮੈਂ ਆਪਣੇ ਨਾਲ ਲੈ ਜਾਵਾਂਗੀ।' ਉਹਨੇ ਸੋਚਿਆ, ਉਸ ਵੇਲੇ ਉਹਨੂੰ ਇਕ ਮਾਸੂਮ ਜਿਹੀ ਚਹਿਕਦੀ ਆਵਾਜ਼ ਸੁਣਾਈ ਦਿੱਤੀ—'ਸਾਨੂੰ ਏਨਾ ਨਾ ਘੁੱਟੋ।'

'ਇਹ ਕਿਨ੍ਹੇ ਕਿਹਾ?' ਉਹਨੇ ਆਵਾਜ਼ ਵਲ ਨਜ਼ਰ ਦੌੜਾਈ ਉਹਨੇ ਵੇਖਿਆ ਇਕ ਰੇਸ਼ਮੀ ਖੋਲ ਵਿਚੋਂ ਬੱਚਿਆਂ ਦੇ ਮਾਸੂਮ ਸਿਰ ਝਾਂਕ ਰਹੇ ਸਨ। ਉਨਾਂ ਦੇ ਚਿਹਰੇ ਚਮਕ ਰਹੇ ਸਨ ਅਤੇ ਉਨ੍ਹਾਂ ਦੀਆਂ ਹੱਸ ਰਹੀਆਂ ਸਨ। ਫੇਰ ਵਾਰੀ ਨਾਲ ਉਹ ਰੇਸ਼ਮੀ ਖੋਲ ਵਿਚੋਂ ਉਡਕੇ ਧਰਤੀ 'ਤੇ ਉੱਤਰਨ ਲੱਗੇ ਕੁਝ ਪਲਾਂ ਵਿਚ ਹੀ ਉਥੇ ਬੱਚਿਆਂ ਦੀ ਭੀੜ ਜੁੜ ਗਈ।

ਇਕ ਰੇਸ਼ਮੀ ਖੋਲ ਹਾਲੇ ਨਹੀਂ ਸੀ ਖੁਲ੍ਹਿਆ। ਅਚਾਨਕ ਹੀ ਉਹ ਫੱਟਿਆਂ 'ਤੇ ਉਹਦੇ ਵਿਚੋਂ ਤਿੰਨ ਜੋੜੀ ਨੀਲੀਆਂ ਚਮਕੀਲੀਆਂ ਅੱਖਾਂ ਉਹਨੂੰ ਘੂਰਨ ਲੱਗੀਆਂ ਉਨਾਂ ਦੇ ਚਿਹਰੇ ਨੰਨ੍ਹੇ ਸੂਰਜਾਂ ਵਾਂਗ ਚਮਕ ਰਹੇ ਸਨ, ਅੱਖਾਂ 'ਚ ਲਿਸ਼ਕ ਸੀ।

ਉਹਨੇ ਹਉਕਾ ਭਰ ਕੇ ਕਿਹਾ—'ਕਾਸ਼! ਇਨਾਂ ਵਿਚੋਂ ਕੋਈ ਮੇਰਾ ਹੁੰਦਾ।'

ਉਹ ਉਹਨਾਂ ਵਿਚੋਂ ਇਕ ਨੂੰ ਫੜਨ ਲਈ ਦੌੜੀ, ਪਰ ਜਿੰਨੀ ਤੇਜ਼ੀ ਨਾਲ ਉਹ ਵੱਧਦੀ ਉਸ ਤੋਂ ਵੀ ਵੱਧ ਤੇਜ਼ੀ ਨਾਲ ਉਹ ਓਹਲੇ ਹੋ ਜਾਂਦੇ ਅੰਤ ਨੂੰ ਉਹ ਨਜ਼ਰੋਂ ਓਹਲੇ ਹੋ ਗਏ ਪਰੇਸ਼ਾਨ, ਹੈਰਾਨ 'ਤੇ ਡਰੀ ਹੋਈ, ਉਹ ਜਾਗੀ, ਉਹ ਵਿਲਕ ਰਹੀ ਸੀ, ਉਸ ਦਾ ਚਿਹਰਾ ਹੰਝੂਆਂ ਨਾਲ ਭਿੱਜਿਆਂ ਹੋਇਆ ਸੀ ਉਹਨੇ ਹੰਝੂ ਪੂੰਝਣ ਲਈ ਹੱਥ ਚੁੱਕਿਆ ਤਾਂ ਇਕ ਨੰਨ੍ਹੀ ਆਵਾਜ਼ ਨੇ ਕਿਹਾ—'ਇਹ ਕੰਮ ਮੈਨੂੰ ਕਰਨ ਦਿਉ'

'ਤੂੰ ਕੌਣ ਏਂ?—ਤੂੰ ਕੀ ਕਰਨਾ ਚਾਹੁੰਦਾ ਏ?' ਉਹਨੇ ਏਧਰ ਉਧਰ ਘੂਰਦਿਆਂ ਹੋਇਆ ਕਿਹਾ।

ਪਰ ਉਥੇ ਕੋਈ ਵੀ ਨਹੀਂ ਸੀ।

'ਮੈਂ ਤੁਹਾਡਾ ਪੁੱਤਰ ਹਾਂ!' ਆਵਾਜ਼ ਨੇ ਕਿਹਾ, ਉਹਨੇ ਆਪਣੇ ਉੱਪਰ ਉਠੇ ਹੋਏ ਹੱਥ 'ਤੇ ਹਲਕਾ ਜਿਹਾ ਕੁਝ ਮਹਿਸੂਸ ਕੀਤਾ, ਨੇੜਿਓਂ ਨੇੜਿਓਂ ਵੇਖਿਆ ਤਾਂ ਹੰਝੂ ਦੀ ਬੂੰਦ ਸੀ। ਹੰਝੂ ਟੋਟੇ-ਟੋਟੇ ਹੋ ਗਿਆ ਅਤੇ ਉਹਦੇ 'ਚੋਂ ਇਕ ਬਾਲੜਾ ਜਿਹਾ ਮੁੰਡਾ ਨਿਕਲਿਆ, ਉਹ ਕੱਚ ਵਾਂਗ ਪਾਰਦਰਸ਼ੀ ਸੀ ਉਹ ਉਸ ਬੂੰਦ ਵਰਗਾ, ਝਿਲ ਮਿਲਾ ਕੇ ਮੁਸਕਰਾਇਆ।

ਉਹ ਖੁਸ਼ ਹੋ ਗਈ ਉਹਨੂੰ ਇਕਦਮ ਇਸ ਚਿੰਤਾ ਨੇ ਘੇਰ ਲਿਆ ਕਿ ਏਨਾ ਛੋਟਾ ਬੱਚਾ ਕੀ ਖਾਵੇਗਾ?

ਉਹਨੇ ਬੜੇ ਸੁਆਦੀ ਖਾਣੇ ਖੁਆ ਕੇ ਅਤੇ ਨਿੱਘੇ ਵਸਤਰਾਂ ਵਿਚ ਲਪੇਟ ਕੇ ਉਸ ਨੂੰ ਪਾਲਿਆ ਮੁੰਡਾ ਵਧਣ ਲੱਗਾ, ਭਾਵੇਂ ਕਿ ਉਹ ਛੋਟੇ ਕੱਦ ਵਾਲਾ ਅਤੇ ਕੁਮੁਦਿਨੀ ਵਾਂਗ ਪਾਰਦਰਸ਼ੀ ਬਣਿਆ ਰਿਹਾ।

ਉਹ ਖੁਦ ਨੂੰ ਕਹਿੰਦੀ—'ਉਹ ਸ਼ਕਤੀਸ਼ਾਲੀ ਹੋ ਜਾਵੇਗਾ, ਉਹ ਜ਼ਰੂਰ ਬਲਵਾਨ ਹੋਵੇਗੇ ਕਿਉਂ ਕਿ ਚਤੁਰ 'ਤੇ ਸੁੰਦਰ ਹੈ।

ਉਹ ਆਪਣੇ ਸੰਬੰਧੀਆਂ 'ਤੇ ਮਿਲਣ ਗਿਲਣ



Sri Satguru Jagjit Singh Ji Elibrary NamdhariElibrary@gmail.com

ਵਾਲਿਆਂ ਨੂੰ ਉਹਨੂੰ ਦੜੇ ਉਮਾਹ ਨਾਲ ਵਿਖਾਂਦੀ, ਪਰ ਲੋਕ ਵੇਖਦੇ ਹੀ ਸਹਿਮ ਜਾਂਦੇ ਤੇ ਇਕ ਸ਼ਬਦ ਵੀ ਨਾ ਬੋਲਦੇ, ਬੱਚਾ ਆਪਣੀ ਮਾਂ ਨੂੰ ਹੀ ਚਤੁਰ ਤੇ ਸੁੰਦਰ ਦਿਸਦਾ ਸੀ ਪੜ੍ਹਨਾ ਲਿਖਣਾ ਉਹਦੇ ਲਈ ਔਖਾ ਸੀ। ਅਧਿਆਪਕ ਦੇ ਸ਼ਬਦ ਉਹਦੇ ਕੰਨਾਂ ਵਿਚ ਗੂੰਜਦੇ। ਉਹ ਉਹਨਾਂ ਨੂੰ ਸੁਣਦਾ ਪਰ ਸਮਝ ਨਾ ਸਕਦਾ। ਇਕ ਦਿਨ ਗੁੱਸੇ 'ਚ ਆਪਣੀਆਂ ਕਿਤਾਬਾਂ ਸੁੱਟਦਿਆਂ ਹੋਇਆਂ ਉਹਨੇ ਐਲਾਨ ਕੀਤਾ, 'ਮਾਂ! ਮੈਂ ਇਹ ਸਭ ਕੁਝ ਕਦੀ ਨਹੀਂ ਸਿਖ ਸਕਾਂਗਾਂ!' ਪਰ ਉਹਨੇ ਚੁੱਪ-ਚਾਪ ਕਿਤਾਬਾਂ ਨੂੰ ਚੁਕਿਆ ਤੇ ਪੁੱਤਰ ਸਾਹਮਣੇ ਰੱਖ ਦਿੱਤੀਆਂ ਫੇਰ ਪੁੱਤਰ ਨੂੰ ਉਹਨੇ ਆਪਣੇ ਕੋਲ ਬੁਲਾ ਕੇ ਕਿਹਾ—'ਤੂੰ ਜ਼ਰੂਰ ਸਿਖ ਸਕਦਾ ਏਂ, ਸਿਖੇਂਗਾ ਵੀ। ਤੂੰ ਕੁਝ ਵੀ ਕਰ ਸਕਦਾ ਏਂ, ਪਰ ਇਹ ਗੱਲ ਕਦੀ ਨਾ ਭੁੱਲਣੀ ਕਿ ਤੂੰ ਹੰਝੂ-ਬੂੰਦ ਤੋਂ ਪੈਦਾ ਹੋਇਆ ਏਂ'.

ਹੋਇਆ ਵੀ ਇਸੇ ਤਰ੍ਹਾਂ ਹੀ।

ਮੁੰਡਾ ਪੜ੍ਹਨ-ਲਿਖਣ ਲੱਗ ਪਿਆ। ਉਹ ਅਧਿਆਪਕ ਦੀਆਂ ਗੱਲਾਂ ਨੂੰ ਸਮਝਣ ਲਗ ਪਿਆ। ਸੰਸਾਰ ਦੇ ਅਸਚਰਜ ਉਹਨੂੰ ਪਿਆਰ ਨਾਲ ਲਿਖੀ ਹੋਈ ਸੁੰਦਰ ਪੁਸਤਕ ਵਾਂਗ ਪ੍ਰਤੀਤ ਹੋਣ ਲਗੇ। ਉਹ ਜੜ੍ਹੀਆਂ-ਬੂਟੀਆਂ ਅਤੇ ਸੁੰਦਰ ਸ਼ਬਦਾਂ ਦੇ ਰਹੱਸ ਬਾਰੇ ਗਹਿਰਾਈ 'ਚ ਇਸ ਵਿਸ਼ਵਾਸ ਨਾਲ ਸੋਚਣ ਲੱਗਾ ਕਿ ਸੰਸਾਰ ਵਿਚ ਕੋਈ ਬੁਰਾਈ ਅਜਿਹੀ ਨਹੀਂ ਹੈ, ਜਿਸ ਨੂੰ ਉਹ ਨਹੀਂ ਜਿੱਤ ਸਕਦਾ। ਇਸ ਲਈ ਲੋਕ ਆਪਣੇ ਰੋਗ ਅਤੇ ਦੁੱਖਾਂ ਦੇ ਇਲਾਜ ਵਾਸਤੇ ਆਉਣ ਲੱਗੇ।

ਹੰਝੂ ਦੀ ਬੂੰਦ ਤੋਂ ਜਨਮਿਆਂ ਮੁੰਡਾ ਪ੍ਰਸਿੱਧ ਹੋ ਗਿਆ ਉਹ ਜਵਾਨ ਹੋ ਗਿਆ ਪਰ ਹਾਲੇ ਤਕ ਉਹ ਨੰਨ੍ਹਾ ਜਿਹਾ ਅਤੇ ਪਾਰਦਰਸ਼ੀ ਹੀ ਰਿਹਾ। ਲੜਕੀਆਂ ਉਸ ਵੱਲ ਤੱਕਦੀਆਂ, ਜਿਵੇਂ ਉਹ ਕੱਚ ਦਾ ਬਣਿਆ ਹੋਵੇ। ਕੋਈ ਉਹਨੂੰ ਵੇਖ ਕੇ ਮੁਸਕਰਾਂਦੀ ਨਹੀਂ ਸੀ ਅਤੇ ਨਾ ਹੀ ਉਹਨੂੰ ਆਪਣਾ ਹੱਥ ਫੜਾਂਦੀ, ਦੂਸਰੇ ਸਾਥੀ ਲੋਕ ਹੋਰ ਵੀ ਨਿਰਦਈ ਸਨ। ਉਹ ਦੰਦ ਪੀਂਹਦੇ ਹੋਏ ਕਹਿੰਦੇ—'ਇਕ ਕਿਰਲੀ ਮਗਰਮੱਛ ਕਿਵੇਂ ਬਣ ਸਕਦੀ ਹੈ।'

ਆਖਿਰਕਾਰ ਮੁੰਡਾ ਆਪਣੀ ਕਿਸਮਤ ਨੂੰ ਕੋਸਣ ਲੱਗਾ। ਉਹਦੀ ਮਾਂ ਨੇ ਇਹ ਮਹਿਸੂਸ ਕਰਦਿਆਂ ਹੋਇਆਂ ਕਿ ਉਹ ਉਸ ਦੀ ਮਦਦ ਕਰਨ 'ਚ ਅਸਮਰਥ ਸੀ, ਪਹਿਲੀ ਵਾਰ ਨਮੋਸ਼ੀ ਮਹਿਸੂਸ ਕੀਤੀ।

ਇਕ ਦਿਨ ਸਵੇਰੇ ਉਠਕੇ ਉਹ ਦੁਨੀਆ ਤੋਂ ਆਪਣੇ ਪੁੱਤਰ ਲਈ ਖੁਸ਼ੀ ਦੀ ਖੈਰ ਮੰਗਣ ਲਈ ਨਿਕਲ ਪਈ। ਉਹਨੇ ਇਕ ਬ੍ਰਿਛ, ਇਕ ਝਰਨੇ, ਇਕ ਤਾਰੇ, ਇਕ ਡੱਡੂ ਨੂੰ ਪੁਛਿਆ—'ਮੈਂ ਕੀ ਕਰਾਂ ਮੇਰੇ ਪੁੱਤਰ ਦੀ ਖੁਸ਼ੀ ਕਿਥੇ ਮਿਲੇਗੀ?'

ਉਹਦੀ ਸ਼ਿਕਾਇਤ ਤੋਂ ਅੱਕ ਕੇ ਪੁਰੇ ਦੀ ਹਵਾ ਨੇ ਉਹਨੂੰ ਕਿਹਾ—'ਤੇਰੇ ਪੁੱਤਰ ਨੂੰ ਆਪਣੀ ਖੁਸ਼ੀ ਖੁਦ ਲੱਭਣੀ ਪਵੇਗੀ, ਤੂੰ ਕਦੀ ਵੀ ਉਹਦੇ ਲਈ ਖੁਸ਼ੀ ਨਹੀਂ ਲਭ ਸਕੇਂਗੀ। ਪਰ ਤੂੰ ਸੂਰਜ ਦੇ ਪਰਬਤ 'ਤੇ ਸੂਰਜ ਦੀ ਮਾਂ ਤੋਂ ਸਲਾਹ ਲੈ। ਜੇਕਰ ਉਹ ਨਾ ਦੱਸ ਸਕੀ ਕਿ ਤੇਰੇ ਪੁੱਤਰ ਦੀ ਖੁਸ਼ੀ ਕਿਥੇ ਲੁੱਕੀ ਹੋਈ ਹੈ ਤਾਂ ਫੇਰ ਕੋਈ ਵੀ ਨਹੀਂ ਦੱਸ ਸਕੇਗਾ।'

ਪੁਰੇ ਦੀ ਹਵਾ ਬੱਦਲਾਂ ਨਾਲ ਉਡ ਗਈ ਅਤੇ ਉਹ ਮਾਂ, ਸੂਰਜ ਦੇ ਪਰਬਤ ਦੀ ਤਲਾਸ਼ 'ਚ ਰੁਝ ਗਈ। ਕਿਸੇ ਨੇ ਵੀ ਉਸ ਪਰਬਤ ਬਾਰੇ ਨਹੀਂ ਸੀ ਸੁਣਿਆ ਹੋਇਆ। ਪਰ ਮਾਂ ਨੇ ਚਟਾਨਾਂ ਤੋਂ ਪਾਰ, ਕੰਡਿਆਲੀਆਂ ਥਾਵਾਂ, ਬਰਫੀਲੇ ਤੋਦਿਆਂ ਅਤੇ ਸੜਕ ਦੇ ਮਾਰੂਥਲਾਂ ਵਿਚ ਆਪਣੇ ਦੁੱਖਾਂ ਤੇ ਭੁੱਖ-ਤਰੇਹ ਦੀ ਪਰਵਾਹ ਕੀਤੇ ਬਿਨਾਂ, ਆਪਣੀ ਤਲਾਸ਼ ਜਾਰੀ ਰੱਖੀ, ਅੰਤ 'ਚ ਉਹਨੂੰ ਸੂਰਜ ਦਾ ਪਰਬਤ ਮਿਲ ਹੀ ਗਿਆ, ਉਹ ਪਰਬਤ ਇਕ ਕੰਬਦੇ—ਥਰਥਰਾਂਦੇ ਸੜਦੇ ਹੋਏ ਕੋਇਲੇ ਨਾਲ ਬਣਿਆ ਹੋਇਆ ਸੀ ਉਹਦੇ ਵਿਚੋਂ ਭਿਆਨਕ ਸੇਕ ਨਿਕਲ ਰਿਹਾ ਸੀ। ਇਹਦੇ 'ਚ ਕੋਈ ਹੈਰਾਨੀ ਨਹੀਂ ਕਿ ਕੋਈ ਵੀ ਮਨੁੱਖੀ ਸਰੀਰ ਉਥੇ ਨਹੀਂ ਸੀ ਪੁੱਜਾ। ਪਰ ਉਹ ਮਾਂ ਕਿਸੇ ਵੀ ਚੀਜ਼ ਤੋਂ ਭੈਭੀਤ ਨਾ ਹੋਈ ਉਹਨੇ ਪੈਰਾਂ ਦੀਆਂ ਤਲੀਆਂ ਨੂੰ ਸੜਦੀ ਹੋਈ ਅੱਗ ਵਲ ਜ਼ਰਾ ਵੀ ਧਿਆਨ ਨਾ ਦਿੱਤਾ ਅਤੇ ਸੂਰਜ ਪਰਬਤ ਦੀ ਚੋਟੀ 'ਤੇ ਚੜ੍ਹ ਗਈ। ਸੂਰਜ ਵੀ ਸਮੁੰਦਰ 'ਚੋਂ ਨਿਕਲ ਕੇ ਉਹਦੇ ਸਾਹਮਣੇ ਆ ਗਿਆ।

ਸੂਰਜ ਦੀ ਮਾਂ ਨੇ ਉਸ ਮਾਂ ਨੂੰ ਪੁਛਿਆ—'ਹੇ ਨਾਰੀ! ਤੂੰ ਇਥੇ ਕੀ ਕਰ ਰਹੀ ਏਂ? ਤੈਨੂੰ ਇਥੇ ਕੌਣ ਲਿਆਇਆ? ਤੂੰ ਕੀ ਚਾਹੁੰਦੀ ਏਂ?'

'ਮੈਂ ਆਪ ਹੀ ਇਥੇ ਆਈ ਹਾਂ। ਮੈਂ ਆਪਣੇ ਪੁੱਤਰ ਲਈ ਖੁਸ਼ੀ ਲੱਭ ਰਹੀ ਹਾਂ? ਉਹਨੇ ਜਵਾਬ ਦਿਤਾ।

ਤੂੰ ਉਹਨੂੰ ਖੁਸ਼ੀ ਨਹੀਂ ਦੇ ਸਕਦੀ, ਸੂਰਜ ਦੀ ਮਾਂ ਨੇ ਕਿਹਾ—'ਉਹਦੀ ਖੁਸ਼ੀ ਅੱਖ ਵਿਚ ਤਾਰੇ ਵਾਲੀ ਕੁੜੀ 'ਚ ਲੁੱਕੀ ਹੋਈ ਹੈ ਅਤੇ ਉਹ ਕੁੜੀ ਪੋਸਤ ਦੇ ਖੇਤ ਤੇ ਮੋਹਿਤ ਹੈ, ਜੇਕਰ ਤੂੰ ਚਾਹੁੰਦੀ ਏਂ ਕਿ ਤੇਰਾ ਪੁੱਤਰ ਉਹਨੂੰ ਪ੍ਰਾਪਤ ਕਰ ਲਵੇ ਤਾਂ ਤੈਨੂੰ ਲੁਕਣਾ ਪਵੇਗਾ, ਇਸ ਤਰ੍ਹਾਂ ਕੰਮ



Sri Satguru Jagjit Singh Ji Elibrary NamdhariElibrary@gmail.com

ਵਾਸਤੇ, ਸੂਰਜ ਜਦੋਂ ਸੰਸਾਰ ਦੀ ਪ੍ਰਕਰਮਾ ਕਰੇ ਤਾਂ ਤੈਨੂੰ ਸੜਦੇ ਹੋਏ ਕੋਲੇ ਸੂਰਜ ਦੇ ਕੁੰਡ ਵਿਚ ਪਾਉਣੇ ਪੈਣਗੇ, ਚੰਗਾ ਇਹੋ ਹੈ ਕਿ ਤੂੰ ਘਰ ਚਲੀ ਜਾ।'' ਸੂਰਜ ਦੀ ਮਾਂ ਨੇ ਕਠੋਰਤਾ ਨਾਲ ਕਿਹਾ—'ਤੇਰੇ ਪੁੱਤਰ ਦੀ ਖੁਸ਼ੀ ਲਈ ਇਹ ਬਹੁਤ ਵੱਡੀ ਕੀਮਤ ਹੋਵੇਗੀ'

'ਮੈਂ ਇਹ ਕੀਮਤ ਦੇਵਾਂਗੀ।'

'ਤੂੰ ਉਹਨੂੰ ਵੇਖੇਂਗੀ,' ਸੂਰਜ ਦੀ ਮਾਂ ਨੇ ਉਦਾਸ ਸੁਰ 'ਚ ਕਿਹਾ—'ਪਰ ਉਹ ਤੈਨੂੰ ਨਹੀਂ ਵੇਖੇਗਾ। ਉਹ ਸਮਝੇਗਾ ਕਿ ਤੂੰ ਮਰ ਗਈ ਏਂ। ਆਪਣੀ ਖੁਸ਼ੀ 'ਚ ਉਹ ਤੈਨੂੰ ਭੁਲ ਜਾਵੇਗਾ। ਕੀ ਹਾਲੇ ਵੀ ਤੂੰ ਕੁਰਬਾਨੀ ਲਈ ਤਿਆਰ ਏਂ?'

'ਹਾਂ ਬਿਲਕੁਲ!' ਮਾਂ ਨੇ ਸਹਿਜਤਾ ਨਾਲ ਕਹਿਕੇ ਸੜਦਾ ਹੋਇਆ ਕੋਲਾ ਆਪਣੇ ਨੰਗੇ ਹੱਥ 'ਚ ਫੜ ਲਿਆ ਉਸ ਵੇਲੇ ਹੱਥ 'ਚ ਕਿੰਨਾ ਸਾੜ ਲੱਗਾ, ਕਿੰਨੀ ਭਿਆਨਕ ਪੀੜ ਹੋਈ, ਉਹਦੀ ਤਲੀ ਪੋਸਤ ਦੀਆਂ ਪੰਖੜੀਆਂ ਵਾਂਗ ਝੁਲਸ ਕੇ ਸੜ ਗਈ। ਉਹਨੇ ਵੇਖਿਆ ਕਿ ਉਹ ਝੁਲਸੀ ਹੋਈ ਤਲੀ ਉਪਰੋਂ ਥੱਲੇ ਵਲ ਡਿੱਗ ਪਈ ਤੇ ਫੇਰ ਪੋਸਤ ਦੇਫੁੱਲਾਂ ਵਿਚ ਬਦਲ ਗਈ ਸੀ, ਪਰ ਉਹਨੇ ਪੀੜ ਮਹਿਸੂਸ ਕਰਕੇ ਇਕ ਆਹ ਵੀ ਨਾ ਭਰੀ।

ਅਗਲੇ ਦਿਨ ਦੇ ਚੜ੍ਹਾਅ ਨਾਲ ਪੋਸਤ ਦੇ ਫੁੱਲਾਂ ਨਾਲ ਇਕ ਖੇਤ ਭਰ ਗਿਆ।

'ਇਹ ਮੇਰੇ ਸੁਪਨਿਆਂ ਦੇ ਪੋਸਤ ਵਰਗੇ ਨੇ' ਉਹਨੇ ਸੋਚਿਆ। ਫੇਰ ਉਹਨੇ ਵੇਖਿਆ ਕਿ ਉਨ੍ਹਾਂ ਵਿਚੋਂ ਇਕ ਵੱਡਾ ਹੋਰ ਵੱਡਾ ਹੁੰਦਾ ਜਾ ਰਿਹਾ ਸੀ, ਅਤੇ ਉਸ ਵਿਚੋਂ ਅੱਖ ਦੇ ਤਾਰੇ ਵਾਲੀ ਇਕ ਕੁੜੀ ਮੁਸਕਰਾਂਦੀ ਹੋਈ ਬਾਹਰ ਨਿਕਲੀ ਉਹ ਪੂਰਬੀ ਰਾਹ ਵਲ ਜਿਧਰੋਂ ਮਾਂ ਆਈ ਸੀ, ਚਲੀ ਗਲੀ।

'ਤੇਰਾ ਕੰਮ ਪੂਰਾ ਹੋ ਗਿਆ' ਸੂਰਜ ਦੀ ਮਾਂ ਨੇ ਉਹਦਾ ਮੋਢਾ ਛੋਹ ਕੇ ਕਿਹਾ—'ਤੂੰ ਹੁਣ ਜਾ ਸਕਦੀ ਏਂ'

ਉਸ ਬੱਚੀ ਨੇ ਮਹਿਸੂਸ ਕੀਤਾ ਕਿ ਇਕ ਛੋਹ ਨਾਲ ਹੀ ਉਹਨੂੰ ਪਾਰਦਰਸ਼ੀ ਅਤੇ ਪੂਰੀ ਤਰ੍ਹਾਂ ਭਾਰਹੀਣ ਬਣਾ ਦਿੱਤਾ ਗਿਆ ਹੈ। ਤਦ ਸਭ ਤੋਂ ਹਲਕੀ ਅਤੇ ਬੱਦਲਾਂ ਤੋਂ ਵੀ ਕੋਮਲ ਰੂਪ ਵਿਚ ਤਬਦੀਲ ਹੋ ਕੇ ਉਹ ਪੁਰੇ ਦੀ ਹਵਾ ਨਾਲ ਪੋਸਤ ਤੋਂ ਜਨਮੀ ਕੁੜੀ ਦੇ ਪਿੱਛੇ-ਪਿੱਛੇ ਚਲ ਪਈ।

ਹੌਲੀ-ਹੌਲੀ ਉਹ ਉਚਾਈ ਤੋਂ ਥੱਲੇ ਗਹਿਰਾਈ ਵਿਚ ਉਤਰਨ ਲਗ ਪਈ। ਉਹਨੂੰ ਆਪਣੀ ਪਛਾਣੀ ਹੋਈ ਧਰਤੀ ਅਤੇ, ਆਪਣਾ ਘਰ ਦਿਸਣ ਲਗ ਪਿਆ। ਉਹਨੂੰ ਆਪਣੇ ਅੰਦਰੋਂ ਹਾਸਾ ਫੁਟਦਾ ਹੋਇਆ ਮਹਿਸੂਸ ਹੋਇਆ ਅਤੇ ਉਹਨੂੰ ਵਿਸ਼ਵਾਸ ਹੋ ਗਿਆ ਕਿ ਸੂਰਜ ਦੀ ਮਾਂ ਨੇ ਉਹਨੂੰ ਠੀਕ ਕਿਹਾ ਸੀ। ਉਹ ਕੰਬ ਗਈ। ਉਹ ਆਪਣੇ ਪੁਤਰ ਨੂੰ ਵੇਖਣਾ ਚਾਹੁੰਦੀ ਸੀ। ਉਹਨੂੰ ਵੇਖਣਾ ਹੀ ਚਾਹੀਦਾ ਸੀ।

ਜਦੋਂ ਮੌਕਾ ਆਇਆ ਤਾਂ ਉਹ ਆਪਣੀਆਂ ਅੱਖਾਂ ਤੇ ਵਿਸ਼ਵਾਸ ਨਾ ਕਰ ਸਕੀ। ਕੀ ਇਹ ਗਭਰੂ ਉਹੋ ਹੀ ਨੰਨਾ, ਡਰੂ, ਚਿੜਚਿੜਾ ਮੁੰਡਾ ਹੈ ਜੋ ਕਿ ਹੰਝੂ-ਬੂੰਦ 'ਚੋਂ ਜਨਮਿਆ ਸੀ। ਕੀ ਇਹ ਸੰਭਵ ਹੈ? ਮਾਂ ਜਿਹੜੀ ਬੱਦਲ ਬਣ ਗਈ ਸੀ, ਕੁਝ ਕੁ ਥੱਲੇ ਝੁਕ ਗਈ। ਹਾਂ ਇਹ ਉਹਦਾ ਪੁੱਤਰ ਹੀ ਸੀ। ਉਹਦਾ ਪੂਰਾ ਮੁਖ-ਮੰਡਲ ਮੁਸਕਰਾ ਰਿਹਾ ਸੀ। ਉਹਦੀਆਂ ਅੱਖਾਂ ਖੁਸ਼ੀ ਨਾਲ ਚਮਕ ਰਹੀਆਂ ਸਨ। ਮਾਂ ਖੁਸ਼ੀ ਨਾਲ ਰੋ ਪਈ।

ਗਭਰੂ ਨੇ ਸ਼ਾਇਦ ਕਿਸੇ ਆਸ ਨਾਲ ਸਿਰ ਚੁੱਕਿਆ ਨੀਲੇ ਆਕਾਸ਼ 'ਵਿਚ ਸੂਰਜ ਕਿਰਣਾਂ ਨਾਲ ਚਾਂਦੀ ਵਰਗੀ ਚਮਕਦੀ ਬੱਦਲੀ ਘਿਰ ਆਈ ਅਤੇ ਇਕ ਵਾਛੜ ਕਰ ਗਈ।

ਧਰਤੀ ਨੂੰ ਛੋਹਣਸਾਰ ਹਰ ਬੂੰਦ ਇਕ ਲਾਲ ਪੋਸਤ ਵਿਚ ਬਦਲ ਗਈ। ਤਕਦਿਆਂ ਹੀ ਗਭਰੂ ਦੇ ਘਰ ਨੇੜਲਾ ਮੈਦਾਨ ਪੋਸਤ ਨਾਲ ਲਾਲ ਹੋ ਗਿਆ, ਲੱਗਦਾ ਸੀ ਜਿਵੇਂ ਉਹਦੇ 'ਚ ਅੰਗਾਰੇ ਭਰੇ ਹੋਏ ਹੋਣ।

ਚਮਕਦੀ ਹੋਈ ਬੱਦਲੀ ਧਰਤੀ ਵਲ ਥੱਬੇ ਲਟਕ ਆਈ ਸੀ ਅਤੇ ਹਰ ਵਸਤੂ ਦੀ ਪਿਆਸ ਬੁਝਾਂਦੀ ਹੋਈ ਉਹਨੂੰ ਠੰਢਕ ਦੇ ਰਹੀ ਸੀ। ਹਵਾ ਬੱਦਲੀ ਨੂੰ ਉਡਾ ਕੇ ਲੈ ਜਾਣ ਦਾ ਵਿਅਰਥ ਜਤਨ ਕਰ ਰਹੀ ਸੀ। ਪਰ ਬੱਦਲੀ ਹਵਾ ਤੇ ਰੁੱਖਾਂ ਦੇ ਵਿਪਰੀਤ ਅੜੀ ਰਹੀ।

ਕਦੀ-ਕਦੀ ਸਵੇਰ-ਸ਼ਾਮ ਲੋਕ ਉਸ ਬੱਦਲੀ ਨੂੰ ਏਨਾਂ ਥੱਲੇ ਆਈ ਵੇਖਦੇ ਕਿ ਲੱਗਦਾ ਜਿਵੇਂ ਬੱਦਲੀ ਗਭਰੂ ਦੇ ਘਰ ਦੀ ਖਿੜਕੀ ਵਿਚ ਝਾਕ ਰਹੀ ਹੋਵੇ। ਕੌਣ ਕਹਿ ਸਕਦਾ ਹੈ? ਇਸੇ ਤਰ੍ਹਾਂ ਹੀ ਹੁੰਦਾ ਹੋਵੇ।

★



Sri Satguru Jagjit Singh Ji Elibrary NamdhariElibrary@gmail.com

# ਹਿੰਸਾ ਦਾ ਇਕ ਰੂਪ ਫੈਸ਼ਨ

ਗਾਂ ਦੀ ਚਰਬੀ ਨੂੰ ਬਨਾਸਪਤੀ ਘਿਓ ਵਜੋਂ ਵੇਚਣ ਦਾ ਘਿਨਾਉਣਾ ਸਕੈਂਡਲ ਅੱਜ ਕਲ੍ਹ ਅਖਬਾਰਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੈਸਾ ਕਮਾਉਣ ਦੇ ਲਾਲਚ ਵਿਚ ਇਨਸਾਨ ਕਿਵੇਂ ਲੋਕਾਂ ਦੇ ਧਰਮ ਸਿਹਤ ਅਤੇ ਇਖਲਾਕ ਦਾ ਖ਼ਿਲਵਾੜ ਕਰਦਾ ਹੈ ਇਹ ਇਸ ਸਕੈਂਡਲ ਤੋਂ ਭਲੀ ਪ੍ਰਕਾਰ ਹੀ ਸਾਬਤ ਹੁੰਦਾ ਹੈ। ਪੈਸਾ ਕਮਾਉਣ ਲਈ ਕਿਵੇਂ ਅਯੋਗ ਤਰੀਕੇ ਅਤੇ-ਅਹਿੰਸਾ ਵਰਤੀ ਜਾਂਦੀ ਹੈ ਅਤੇ ਕਿਵੇਂ ਲੋਕ ਅਣਜਾਣੇ ਵਿਚ ਹੀ ਇਸ ਹਿੰਸਾ ਅਤੇ ਭਰਿਸ਼ਟਾਚਾਰ ਵਿਚ ਸ਼ਾਮਲ ਹੋ ਜਾਂਦੇ ਹਨ ਹੇਠਲਾ ਲੇਖ ਵੀ ਇਸ ਪਾਸੇ ਧਿਆਨ ਦਵਾਉਂਦਾ ਹੈ। ਲੋਕਾਂ ਨੂੰ ਫੈਸ਼ਨ ਵਲ ਪ੍ਰੇਰਿਆ ਜਾਂਦਾ ਹੈ ਭਰਪੂਰ ਇਸ਼ਤਿਹਾਰਬਾਜ਼ੀ ਰਾਹੀਂ ਅਤੇ ਫੇਰ ਸ਼ਿੰਗਾਰ ਦਾ ਸਾਮਾਨ, ਕਾਸਮੈਟਿਕਸ ਨੂੰ ਹਰ ਨਾਜੈਇਜ਼ ਤਰੀਕੇ ਨਾਲ ਇਥੋਂ ਤਕ ਕਿ ਮਾਸੂਮ ਜਾਨਵਰਾਂ ਨੂੰ ਮਾਰ ਕੇ ਵੀ ਤਿਆਰ ਕੀਤਾ ਜਾਂਦਾ ਹੈ। ਇਹ ਸਮਾਨ ਅਣਜਾਣੇ ਵਿਚ ਹੀ ਫੈਸ਼ਨ ਗ੍ਰਸਤ ਲੋਕੀਂ ਵਰਤਦੇ ਜਾਂਦੇ ਹਨ। ਪਰ ਇਸ ਦਾ ਅਸਲ ਰੂਪ ਕੀ ਹੈ ਇਹ ਇਸ ਲੇਖ ਵਿਚ ਦਰਸਾਇਆ ਗਿਆ ਹੈ। ਇਹ ਲੇਖ ਧਰਮਯੁਗ (ਹਿੰਦੀ) ਦੇ ੨ ਅਕਤੂਬਰ ੧੯੭੭ ਦੇ ਸੰਸਕਰਣ ਵਿਚ ਛਪਿਆ ਸੀ। ਪੰਜਾਬੀ ਅਨੁਵਾਦ ਅਸੀਂ 'ਸਤਿਜੁਗ' ਸਪਤਾਹਕ ਤੋਂ ਪ੍ਰਾਪਤ ਕੀਤਾ ਹੈ।

—ਸੰਪਾਦਕ

ਮੇਕ-ਅੱਪ ਕਰਦੇ ਕਰਦੇ ਤੁਹਾਡੇ ਹੱਥ ਕਿਉਂ ਰੁਕ ਗਏ? ਕੀ ਸਿਰਲੇਖ ਪੜ੍ਹ ਕੇ? ਜੀ ਹਾਂ, ਸਹੀ ਹੈ। ਇਹ ਜਿਹੜੀਆਂ ਅਨੇਕਾਂ ਤਰ੍ਹਾਂ ਦੀਆਂ ਫ਼ੈਸ਼ਨ ਕਰਨ ਦੀਆਂ ਚੀਜ਼ਾਂ ਤੁਹਾਡੀ ਡਰੈਸਿੰਗ ਟੇਬਲ ਤੇ ਸਜੀਆਂ ਹਨ ਇਹਨਾਂ ਵਿਚੋਂ ਕਈਆਂ ਲਈ ਅਨੇਕਾਂ ਜੀਵਾਂ ਦੀ ਹੱਤਿਆ ਹੋਈ ਹੋਵੇਗੀ ਕਈਆਂ ਨੂੰ ਅਸਹਿ ਤੇ ਅਕਹਿ ਕਸ਼ਟ ਸਹਾਰਣੇ ਪਏ ਹੋਣਗੇ। ਇਹ ਸ਼ਾਇਦ ਤੁਸੀਂ ਨਹੀਂ ਜਾਣਦੇ ਪਰ ਇਹ ਲੇਖ ਪੜ੍ਹੋ ਤਾਂ ਸਾਰੀ ਗੱਲ ਸਪੱਸ਼ਟ ਹੋ ਜਾਵੇਗੀ, ਕਿ ਫ਼ੈਸ਼ਨ ਕਰਨ ਲਈ ਕਿਸ ਤਰ੍ਹਾਂ ਜ਼ੁਲਮ ਕੀਤੇ ਜਾਂਦੇ ਹਨ। ਲਓ ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਦ੍ਰਿਸ਼ ਦਿਖਾਉਂਦੇ ਹਾਂ, ਜਿਨ੍ਹਾਂ ਨੂੰ ਦੇਖਕੇ ਤੁਹਾਡਾ ਹਿਰਦਾ ਕੰਬ ਉਠੇਗਾ। ਫਿਰ ਤੁਸੀਂ ਖੁਦ ਹੀ ਨਿਰਣਾ ਕਰਨਾ ਕਿ ਇਹ ਸਭ ਕੁਝ ਜ਼ਰੂਰੀ ਹੈ ਕੇਵਲ ਫ਼ੈਸ਼ਨ ਦੀ ਦੁਨੀਆਂ ਨੂੰ ਜਿਉਂਦਿਆਂ ਰੱਖਣ ਲਈ......। ਸਭ ਤੋਂ ਪਹਿਲਾਂ ਅਸੀਂ ਲੈਂਦੇ ਹਾਂ 'ਫਰ'—ਜਾਨਵਰਾਂ ਦੀ (ਵਾਲਾਂ ਸਮੇਤ) ਖੱਲ। ਇਸਦਾ ਫ਼ੈਸ਼ਨ ਦੀ ਦੁਨੀਆਂ ਵਿਚ ਬਹੁਤ ਬੋਲ ਬਾਲਾ ਹੈ—ਪਹਿਨਣ ਵਾਲਿਆ ਦਾ ਵੀ ਤੇ ਵੇਚਣ ਵਾਲਿਆਂ ਦਾ ਵੀ।—ਫਰ ਸਾਨੂੰ ਕਈ ਜਾਨਵਰਾਂ ਤੋਂ ਪ੍ਰਾਪਤ ਹੁੰਦੀ ਹੈ, ਜਿਵੇਂ :—

ਸੀਲ, ਖ਼ਰਗੋਸ਼, ਰਿੱਛ, ਲੂੰਬੜੀ ਆਦਿ।

ਇਹਨਾਂ ਜਾਨਵਰਾਂ ਤੋਂ ਫਰ ਪ੍ਰਾਪਤ ਕਰਨ ਦਾ ਤਰੀਕਾ ਇਸ ਤਰ੍ਹਾਂ ਹੈ—ਸੀਲ, ਜਿਸ ਦੀ ਫਰ ਉਦਯੋਗ ਵਿਚ ਤਕੜੀ ਕੀਮਤ ਹੈ, ਇਕ ਸਮੁੰਦਰੀ ਜੀਵ ਹੈ—ਇਸ ਦਾ ਭਾਰ ਕਦੇ ਕਦੇ ਸਾਢੇ ਚਾਰ ਸੌ ਕਿਲੋਗਰਾਮ ਤੋਂ ਵੀ ਜ਼ਿਆਦਾ ਹੁੰਦਾ ਹੈ। ਇਸ ਨੂੰ ਸੌਖਿਆਂ ਹੀ ਨਹੀਂ ਫੜਿਆ ਜਾ ਸਕਦਾ। ਇਸ ਲਈ ਵੱਡੀ ਸੀਲ ਨੂੰ ਗੋਲੀ ਨਾਲ ਮਾਰਿਆ ਜ਼ਾਂਦਾ ਹੈ। ਪਰ ਸਭ ਤੋਂ ਕੀਮਤੀ ਅਤੇ ਮੁਲਾਇਮ ਫਰ ਸੀਲ ਦੇ ਨਵੇਂ ਜੰਮੇ ਬੱਚੇ ਦੀ ਮੰਨੀ ਜਾਂਦੀ ਹੈ। ਤੇਰਾਂ ਜਾਂ ਚੌਦਾਂ ਦਿਨ ਦੇ ਬੱਚੇ ਨੂੰ ਫੜ ਕੇ ਮਾਂ ਤੋਂ ਵੱਖ ਕਰ ਦਿਤਾ ਜਾਂਦਾ ਹੈ ਅਤੇ ਸੋਟੇ ਨਾਲ ਮਾਰ ਮਾਰ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਗੋਲੀ ਨਹੀਂ ਮਾਰੀ ਜਾਂਦੀ ਕਿਉਂਕਿ ਇੰਜ ਚਮੜੀ ਖ਼ਰਾਬ ਹੋ ਜਾਂਦੀ ਹੈ। ਉਸ ਦੀ ਮੌਤ ਦੀ ਉਡੀਕ ਜ਼ਿਆਦਾ ਸਮਾਂ ਨਹੀਂ ਕੀਤੀ ਜਾਂਦੀ ਅਤੇ ਕਦੇ ਕਦੇ ਬੇਹੋਸ਼ੀ ਦੀ ਹਾਲਤ ਵਿਚ ਹੀ ਉਸਦੀ ਖੱਲ ਉਸ ਦੇ ਸਰੀਰ ਤੋਂ ਖਿੱਚ ਲਈ ਜਾਂਦੀ ਹੈ। ਖੂਨ ਨਾਲ ਲੱਥ ਪੱਥ ਮਾਸ ਦਾ ਲੋਥੜਾ ਜਿਹਾ ਉਹ ਸੀਲ ਦਾ ਬੱਚਾ ਆਪਣੀ ਅਸਹਿ ਪੀੜ ਘਟਾਉਣ ਲਈ ਕੁਝ ਦੇਰ ਬਰਫ਼ ਤੇ ਲੇਟਣ ਤੜਫਣ ਪਿਛੋਂ ਪ੍ਰਾਣ ਤਿਆਗ ਦਿੰਦਾ ਹੈ। ਬੱਚੇ ਦੀ ਮਾਂ ਜਾਂ ਡਰ ਨਾਲ ਕੁਝ ਦੂਰੀ ਤੇ ਛੁਪਕੇ ਇਹ ਸਭ ਕੁਝ ਦੇਖ ਰਹੀ ਹੁੰਦੀ ਹੈ ਉਹ ਲੋਕਾਂ ਨੂੰ ਚਲੇ ਗਏ ਸਮਝ ਕੇ ਅਪਣੇ ਬੱਚੇ ਦੇ ਸਰੀਰ ਨੂੰ ਚੱਟਣ ਉਸ ਨੂੰ ਠੰਢ ਪਹੁੰਚਾਣ ਆ ਜਾਂਦੀ ਹੈ। ਪਰ ਇਧਰ ਉਧਰ ਛੁਪੇ ਲੋਕ ਉਸ ਨੂੰ ਵੀ ਗੋਲੀ ਮਾਰ ਦਿੰਦੇ ਹਨ ਅਜਿਹੀਆਂ ਛੇ ਸੱਤ ਸੀਲਾਂ ਮਰਦੀਆਂ ਹਨ ਤਾਂ ਇਕ ਫਰ ਕੋਟ ਕਿਸੇ ਦੇ ਸ਼ਰੀਰ ਦੀ ਸ਼ੋਭਾ ਬਣਦਾ ਹੈ।



Sri Satguru Jagjit Singh Ji Elibrary NamdhariElibrary@gmail.com

## ਚਮੜੀ ਲਾਹ ਦਿੱਤੀ

ਇਹਨਾਂ ਜਾਨਵਰਾਂ ਨੂੰ ਜਿਸ ਬੇ-ਕਿਰਕੀ ਨਾਲ ਫੜਿਆ ਜਾਂਦਾ ਹੈ ਉਹ ਵੀ ਇਕ ਦਰਦਨਾਕ ਕਥਾ ਹੈ। ਲੂੰਬੜ ਪਾਣੀ ਅਤੇ ਜ਼ਮੀਨ ਦੋਨੋਂ ਥਾਵਾਂ ਤੇ ਮਿਲਦਾ ਹੈ। ਇਸ ਦਾ ਫਰ ਠੰਢੇ ਦੇਸ਼ਾਂ ਵਿਚ ਜ਼ਿਆਦਾ ਵਰਤਿਆ ਜਾਂਦਾ ਹੈ ਅਤੇ ਇਸ ਜਾਨਵਰ ਨੂੰ ਫੜਨ ਲਈ ਤਿੱਖੇ ਦੰਦਾਂ ਵਾਲੇ ਲੋਹੇ ਦੇ ਪਿੰਜਰੇ ਜਿਸ ਵਿਚ ਇਕ ਵਾਰ ਲੱਤ ਫਸ ਜਾਵੇ ਤਾਂ ਨਿਕਲ ਨਹੀਂ ਸਕਦੀ—ਜੰਗਲਾਂ ਵਿਚ ਤੇ ਪਾਣੀ ਦੀ ਤਹਿ ਵਿਚ ਹਜ਼ਾਰਾਂ ਹੀ ਰੱਖ ਦਿਤੇ ਜਾਂਦੇ ਹਨ। ਜਾਨਵਰ ਇਕ ਵਾਰ ਇੰਨਾਂ ਪਿੰਜਰਿਆਂ ਵਿਚ ਫਸ ਜਾਵੇ ਉਹ ਪੰਦਰਾਂ ਵੀਹ ਦਿਨ ਤਕ ਡਾਢਾ ਦੁਖੀ ਹੋ ਕੇ ਭੁੱਖਾ ਪਿਆਸਾ ਇਸੇ ਤਰ੍ਹਾਂ ਤੜਫ ਤੜਫ ਕੇ ਪ੍ਰਾਣ ਦੇ ਦਿੰਦਾ ਜਾਂ ਕਦੇ ਕਦੇ ਕਿਸੇ ਵੱਡੇ ਜਾਨਵਰ ਦਾ ਜਿਉਂਦਿਆਂ ਹੀ ਭੋਜਨ ਬਣ ਜਾਂਦਾ ਹੈ। ਫਿਰ ਉਸ ਦੇ ਸਰੀਰ ਤੋਂ ਖੱਲ ਖਿਚਕੇ ਅਸੀਂ ਉਸ ਨਾਲ ਆਪਣਾ ਸਰੀਰ ਸਜਾਉਂਦੇ ਹਾਂ। ਇਨਾਂ ਜਾਨਵਰਾਂ ਨੂੰ ਫੜਨ ਲਈ ਕੁਝ ਅਜਿਹੇ ਵੀ ਪਿੰਜਰੇ ਹਨ ਜਿਨ੍ਹਾਂ ਵਿਚ ਇਨ੍ਹਾਂ ਦੀ ਗਰਦਨ ਫਸਦੀ ਹੈ ਤੇ ਜਾਨਵਰ ਮਰ ਜਾਂਦਾ ਹੈ। ਅੱਜ ਕਲ੍ਹ ਇਹਨਾਂ ਪਿੰਜਰਿਆਂ ਦੇ ਵਿਰੁਧ ਕਾਰਵਾਈ ਕੀਤੀ ਜਾ ਰਹੀ ਹੈ।

ਫੈਸ਼ਨ ਲਈ ਬਣਾਈਆਂ ਗਈਆਂ ਫਰ ਦੀਆਂ ਟੋਪੀਆਂ ਵਿਚੋਂ ਘੁੰਗਰਾਲੇ ਵਾਲਾਂ ਵਾਲੀ ਫਰ ਦੀ ਟੋਪੀ ਦੀ ਜ਼ਿਆਦਾ ਕੀਮਤ ਹੁੰਦੀ ਹੈ। ਕੀ ਤੁਸੀਂ ਜਾਣਦੇ ਹੋ ਕਿ ਇਹ ਸੁੰਦਰ ਘੁੰਗਰਾਲੇ ਵਾਲਾਂ ਵਾਲੀ ਟੋਪੀ ਕਿਵੇਂ ਬਣਦੀ ਹੈ। ਭੇਡ ਦੇ ਬੱਚੇ ਦੇ ਪੈਦਾ ਹੋਣ ਤੇ ਜਾਂ ੨੪ ਘੰਟਿਆਂ ਦੇ ਅੰਦਰ ਹੀ ਉਸ ਨੂੰ ਮਾਰ ਦਿਤਾ ਜਾਂਦਾ ਹੈ ਤਾਂ ਕਿ ਉਸ ਦੀ ਖ਼ੂਬਸੂਰਤ ਮੁਲਾਇਮ ਘੁੰਗਰਾਲੀ ਖੱਲ ਉਤਾਰ ਲਈ ਜਾਵੇ। ਜਦੋਂ ਅਸੀਂ ਕਿਸੇ ਦੇ ਹੱਥ ਵਿਚ ਸੱਪ ਦੀ ਖੱਲ ਦਾ ਸੋਹਣਾ ਜਿਹਾ ਬੈਗ ਦੇਖਦੇ ਹਾਂ ਤਾਂ ਸਾਡਾ ਦਿਲ ਵੀ ਉਸ ਨੂੰ ਲੈਣ ਲਈ ਲਲਚਾ ਉਠਦਾ ਹੈ। ਪਰ ਜੇ ਤੁਸੀਂ ਇਕ ਵਾਰ ਇਹ ਹਾਲ ਦੇਖ ਲਵੋ ਕਿ ਸੱਪ ਦੀ ਖੱਲ ਉਤਾਰੀ ਕਿਵੇਂ ਜਾਂਦੀ ਹੈ, ਆਦਮੀ ਜਿਊਂਦੇ ਸੱਪ ਦਾ ਸਿਰ ਫੜਕੇ ਦਰਖਤ ਦੇ ਤਣੇ ਨਾਲ ਲਾਕੇ ਰੱਖਦਾ ਹੈ। ਦੂਜਾ ਆਦਮੀ ਸੱਪ ਦੇ ਸਿਰ ਤੇ ਵੱਡੀ ਸਾਰੀ ਮੇਖ ਰੱਖਕੇ ਹਥੌੜੇ ਮਾਰਦਾ ਹੈ ਅਤੇ ਥੋੜ੍ਹੀ ਹੀ ਦੇਰ ਪਿਛੋਂ ਦਰਖਤ ਨਾਲ ਲਟਕਿਆ ਸੱਪ ਤੜਫਣ ਲਗਦਾ ਹੈ। ਤੀਜਾ ਆਦਮੀ ਸੱਪ ਦੀ ਪੂਛ ਜੋ ਜ਼ਮੀਨ ਨਾਲ ਲੱਗੀ ਹੁੰਦੀ ਹੈ, ਨੂੰ ਪੈਰ ਨਾਲ ਨੱਪ ਕੇ ਇਕ ਚਾਕੂ ਨਾਲ ਸਿਰ ਤੋਂ ਪੂਛ ਤੱਕ ਸੱਪ ਨੂੰ ਚੀਰਾ ਦੇ ਦਿੰਦਾ ਹੈ ਫਿਰ ਇਕ ਛੋਟਾ ਚੀਰਾ ਗਲੇ ਉਪਰ ਅਤੇ ਫਿਰ ਇਕ ਝਟਕ ਵਿਚ ਤੜਫ ਰਹੇ ਸੱਪ ਦੀ ਖੱਲ ਕੇਲੇ ਦੇ ਛਿਲਕੇ ਵਾਂਗ ਉਸ ਦੇ ਸਰੀਰ ਤੋਂ ਉਤਾਰ ਦਿਤੀ ਜਾਂਦੀ ਹੈ। ਲਾਲ ਮਾਸ ਦਾ ਲੋਥੜਾ ਦਰਖਤ ਨਾਲ ਲਟਕਦਾ ਰਹਿ ਜਾਂਦਾ ਹੈ। ਸੱਪ ਦੀ ਜਾਨ ਜਲਦੀ ਨਹੀਂ ਨਿਕਲਦੀ। ਇਸ ਕਰਕੇ ਕਦੇ ਕਦੇ ਉਹ ਇਸੇ ਦਰਦਨਾਕ ਹਾਲਤ ਵਿਚ ਤਿੰਨ ਤਿੰਨ ਦਿਨ ਲਟਕਿਆ ਰਹਿੰਦਾ ਹੈ, ਜਿਸ ਨੂੰ ਕੁੱਤੇ ਜਾਂ ਹੋਰ ਜਾਨਵਰ ਜਿਉਂਦੇ ਨੂੰ ਨੋਚ ਨੋਚ ਕੇ ਖਾਂਦੇ ਰਹਿੰਦੇ ਹਨ। ਇਸ ਭਿਆਨਕ ਮੌਤ ਦਾ ਨਤੀਜਾ ਹੁੰਦਾ ਹੈ ਇਕ ਸੋਹਣਾ ਜਿਹਾ ਜੁੱਤੀ ਦਾ ਜੋੜਾ ਤੁਹਾਡੇ ਪੈਰਾਂ ਵਿਚ, ਇਕ ਸੁੰਦਰ ਬੈਗ ਤੁਹਾਡੇ ਹੱਥ ਵਿਚ।

## ਖ਼ੂਬਸੂਰਤ ਤੇਲ

ਸੈਂਟ ਜਾਂ ਅਤਰ ਜਿਹੜਾ ਹਰੇਕ ਦੇ ਮਨ ਪਸੰਦ ਹੈ ਅਤੇ ਜਿੰਨੀ ਦੇਰ ਤਕ ਇਹ ਸਰੀਰ ਨੂੰ ਸੁਗੰਧਤ ਰਖੇ ਉਨ੍ਹਾਂ ਹੀ ਜ਼ਿਆਦਾ ਕੀਮਤੀ ਮੰਨਿਆ ਜਾਂਦਾ ਹੈ। ਚੰਗੇ ਅਤੇ ਦੇਰ ਤਕ ਰਹਿਣ ਵਾਲੇ ਸੈਂਟ ਵਿਚ ਕਸਤੂਰੀ ਨਾਂ ਦੀ ਇਕ ਚੀਜ਼ ਵਰਤੀ ਜਾਂਦੀ ਹੈ। ਕਸਤੂਰੀ ਕਈ ਜਾਨਵਰਾਂ ਤੋਂ ਮਿਲਦੀ ਹੈ। ਇਹਨਾਂ ਵਿਚੋਂ ਸਭ ਤੋਂ ਮੁੱਖ ਜਾਨਵਰ ਕਸਤੂਰੀ ਮਿਰਗ ਜਾਂ ਸਿਵਟ (ਇਕ ਬਿੱਲੀ ਨਾਲ ਮਿਲਦਾ ਜੁਲਦਾ) ਜਾਨਵਰ ਹੁੰਦਾ ਹੈ ਜਿਹੜਾ ਭਾਰਤ ਵਿਚ ਘੱਟ ਅਤੇ ਅਫਰੀਕਾ ਵਿਚ ਕਾਫੀ ਮਿਲਦਾ ਹੈ। ਕਸਤੂਰੀ ਮਿਰਗ ਜਾਂ ਹਿਰਨ ਦੇ ਢਿੱਡ ਵਿਚ ਹੁੰਦੀ ਹੈ। ਉਸ ਨੂੰ ਪ੍ਰਾਪਤ ਕਰਨ ਲਈ ਮਿਰਗ ਨੂੰ ਗੋਲੀ ਮਾਰਦੇ ਹਨ ਜਾਂ ਜੰਗਲ ਵਿਚ ਰਖ ਪਿੰਜਰਿਆਂ ਰਾਹੀਂ ਫੜਦੇ ਹਨ। ਸ਼ਿਵੇਟ ਵਿਚ ਕਸਤੂਰੀ ਢਿੱਡ ਦੀ ਗਰੰਥੀ ਵਿਚ ਹੁੰਦੀ ਹੈ। ਇਹਨਾਂ ਜਾਨਵਰਾਂ ਨੂੰ ਫੜਕੇ ਲਕੜੀ ਦੇ ਛੋਟੇ ਛੋਟੇ ਪਿੰਜਰਿਆਂ ਵਿਚ ਬੰਦ ਕਰ ਦਿਤਾ ਜਾਂਦਾ ਹੈ। ਕਹਿੰਦੇ ਹਨ, ਜਿੰਨਾਂ ਇਹ ਜਾਨਵਰ ਗੁੱਸਾ ਕਰਦਾ ਹੈ ਉਨੀ ਹੀ ਜ਼ਿਆਦਾ ਕਸਤੂਰੀ ਸਰੀਰ ਵਿਚ ਬਣਦੀ ਹੈ। ਇਸ ਲਈ ਪਿੰਜਰੇ ਵਿਚ ਬੰਦ ਇਹਨਾਂ ਜਾਨਵਰਾਂ ਨੂੰ ਉਦੋਂ ਤਕ ਲੱਕੜ ਹਿਲਾ ਹਿਲਾ ਕੇ ਚਿੜਚਿੜਾ ਬਣਾ ਦਿੱਤਾ ਜਾਂਦਾ ਹੈ ਜਦੋਂ ਤਕ ਉਹ ਚਿੜਕੇ ਲੱਕੜੀ ਨੂੰ ਅਪਣੇ ਜਬਾੜੇ ਵਿਚ ਨਹੀਂ ਫਸਾ ਲੈਂਦਾ ਤਾਂ ਕਿ ਉਸ ਦਾ ਮੂੰਹ ਬੰਦ ਹੋ ਜਾਵੇ ਅਤੇ ਉਹ ਕੱਟ ਨਾ ਸਕੇ। ਪਿੰਜਰੇ ਦੀ ਸਤਹ ਤੋਂ ਕੁਝ ਲਕੜੀਆਂ ਚੁੱਕ ਲਈਆਂ ਜਾਂਦੀਆਂ ਹਨ ਇਸ ਖਾਲੀ ਥਾਂ ਚੋਂ ਸਿਵੇਟ ਦੀਆਂ ਪਿਛਲੀਆਂ ਟੰਗਾਂ ਤੇ ਪੂਛ ਬਾਹਰ ਆ ਜਾਂਦੀ ਹੈ। ਦੂਜਾ ਆਦਮੀ ਉਸ ਦੀਆਂ ਟੰਗਾਂ ਅਤੇ ਪੂਛ ਫੜ ਲੈਂਦਾ ਹੈ ਅਤੇ ਇਕ ਆਦਮੀ ਉਸ ਕਸਤੂਰੀ ਵਾਲੀ ਗਰੰਥੀ ਨੂੰ ਆਪਣੀਆਂ ਉਂਗਲੀਆਂ ਅਤੇ ਅੰਗੂਠੇ ਨਾਲ ਫੜ੍ਹ ਕੇ ਪਹਿਲਾਂ ਉਸ ਵਿਚ



Sri Satguru Jagjit Singh Ji Elibrary NamdhariElibrary@gmail.com

ਇਕ ਚੀਰਾ ਲਾਉਂਦਾ ਹੈ। ਫਿਰ ਉਸ ਨੂੰ ਨੱਪ ਕੇ ਨਿਚੋੜ ਕੇ ਕਸਤੂਰੀ ਕੱਢ ਲਈ ਜਾਂਦੀ ਹੈ ਉਸ ਪਿਛੋਂ ਉਸ ਗਰੰਥੀ ਉਪਰ ਕਸਤੂਰੀ ਥਾਂ ਮੱਖਣ ਜਾਂ ਮੋਮ ਲਗਾ ਦਿਤੀ ਜਾਂਦੀ ਹੈ ਤਾਂ ਕਿ ਤਕਲੀਫ ਕੁਝ ਘੱਟ ਹੋ ਜਾਵੇ। ਅਜਿਹਾ ਨਾ ਕਰਨ ਨਾਲ ਕਦੇ ਕਦੇ ਸਿਵੇਟ ਮਰ ਵੀ ਜਾਂਦੇ ਹਨ। ਇੰਸ ਕਾਰ-ਵਾਈ ਪਿਛੋਂ ਸਿਵੇਟ ਨੂੰ ਫਿਰ ਪਿੰਜਰੇ ਵਿਚ ਬੰਦ ਕਰ ਦਿਤਾ ਹੈ। ਕਸਤੂਰੀ ਕਢਣ ਦੀ ਇਹ ਕਿਰਿਆ ਹਰ ਦਸਵੇਂ ਦਿਨ ਦੁਹਰਾਈ ਜਾਂਦੀ ਹੈ ਜਦੋਂ ਤਕ ਕਿ ਉਹ ਜਾਨਵਰ ਮਰ ਨਹੀਂ ਜਾਂਦਾ।

ਫੈਸ਼ਨ ਦੀਆਂ ਚੀਜ਼ਾਂ ਬਣਾਉਣ ਵਾਲੇ ਪਸ਼ੂਆਂ ਦੀ ਚਰਬੀ ਵੀ ਵਰਤਦੇ ਹਨ। ਇਨ੍ਹਾਂ ਪਸ਼ੂਆਂ ਵਿਚੋਂ ਸਭ ਤੋਂ ਪਹਿਲਾਂ ਨਾਂ ਆਉਂਦਾ ਹੈ ਵ੍ਹੇਲ ਮੱਛੀ ਦਾ ਇਸ ਮੱਛੀ ਵਿਚੋਂ ਬੇਬਰਮਿਸ' ਨਾਂ ਦੀ ਇਕ ਮੋਮ ਵਰਗੀ ਇਕ ਚੀਜ਼ ਨਿਕਲਦੀ ਹੈ ਜਿਹੜੀ ਸੈਂਟ ਬਣਾਉਣ ਦੇ ਕੰਮ ਆਉਂਦੀ ਹੈ। ਇਸ ਤੋਂ ਬਿਨਾਂ ਵ੍ਹੇਲ ਵਿਚੋਂ ਇਕ ਤੇਲ ਨਿਕਲਦਾ ਹੈ, ਜਿਹੜਾ ਸਾਬਣ ਕਰੀਮ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਤੇਲ ਤੋਂ ਤਾਕਤ ਦੀਆਂ ਦਵਾਈਆਂ ਵੀ ਬਣਦੀਆਂ ਹਨ। ਮੱਛੀਆਂ ਵਿਚੋਂ ਵ੍ਹੇਲ ਸਭ ਤੋਂ ਵੱਡੀ ਮੱਛੀ ਹੈ। ਇਸ ਲਈ ਇਸ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਜਾਂਦਾ ਹੈ। ਸਭ ਤੋਂ ਪਹਿਲਾਂ ਇਸ ਦੇ ਸਰੀਰ ਤੇ ਤਿੱਖੇ ਬਰਛਿਆਂ ਦੇ ਵਾਰ ਕੀਤੇ ਜਾਂਦੇ ਹਨ ਜੋ ਇਸ ਦੇ ਸਰੀਰ ਵਿਚ ਕੰਡਿਆਂ ਦੀ ਤਰ੍ਹਾਂ ਧੱਸ ਜਾਂਦੇ ਹਨ ਇਸ ਕਰਕੇ ਮੱਛੀ ਤੜਫਦੀ ਹੋਈ ਪਾਣੀ ਵਿਚ ਅੱਗੇ ਵੱਲ ਭੱਜਦੀ ਹੈ। ਪਰ ਬਰਛੇ ਦੇ ਦੂਜੇ ਸਿਰੇ ਰੱਸੀ ਨਾਲ ਵੱਡੀਆਂ ਵੱਡੀਆਂ ਕਿਸ਼ਤੀਆਂ ਜਾਂ ਜਹਾਜ਼ਾਂ ਨਾਲ ਬੰਨ੍ਹੇ ਹੁੰਦੇ ਹਨ। ਇਹ ਮੱਛੀ ਅੱਠ-ਦਸ ਬਰਛਿਆਂ ਦੀ ਚੋਭ ਹੀ ਨਹੀਂ, ਬਲਕਿ ਉਸ ਪਿਛੇ ਬੰਨ੍ਹੇ ਕਿਸ਼ਤੀ ਦੇ ਬੋਝ ਨੂੰ ਵੀ ਨਾਲ ਲੈਕੇ ਜਾਨ ਬਚਾਉਣ ਲਈ ਸਮੁੰਦਰ ਵਿਚ ਤੇਜ਼ੀ ਨਾਲ ਦੌੜਦੀ ਹੈ ਅਤੇ ਆਦਮੀ ਉਸ ਉਪਰ ਬਰਛਿਆਂ ਨਾਲ ਵਾਰ ਕਰਦਾ ਚਲਿਆ ਜਾਂਦਾ ਹੈ। ਖੂਨ ਨਾਲ ਲੱਥ ਪੱਥ ਛੇ ਘੰਟਿਆਂ ਤਕ ਉਹ ਮੌਤ ਨਾਲ ਲੜਦੀ ਰਹਿੰਦੀ ਹੈ ਅਤੇ ਫਿਰ ਬਾਜ਼ਾਰ ਵਿਚ ਵਿਕਦੀ ਹੈ—ਖੁਸ਼ਬੂਦਾਰ ਸੈਂਟ ਸਾਬਣ ਤੇਲ ਕਰੀਮ ਆਦਿ।

ਖੁਸ਼ਬੂਦਾਰ ਤੇਲ ਬਣਾਉਣ ਲਈ ਇਕ ਹੋਰ ਚੀਜ਼ ਵੀ ਵਰਤੀ ਜਾਂਦੀ ਹੈ, ਇਸਟਰੋਜਨ। ਇਹ ਤਰਲ ਪਦਾਰਥ ਗਰਭਵਤੀ ਘੋੜੀ ਦੇ ਪੇਸ਼ਾਬ ਨਾਲ ਬਣਾਇਆ ਜਾਂਦਾ ਹੈ। ਘੋੜੀ ਦਾ ਗਰਭਵਤੀ ਹੋਣਾ ਜ਼ਰੂਰੀ ਹੈ। ਸਦਾ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਘੋੜੀ ਗਰਭਵਤੀ ਰਹੇ। ਜਦੋਂ ਉਹ ਗਰਭ ਧਾਰਨ ਕਰਨ ਦੇ ਯੋਗ ਨਹੀਂ ਰਹਿੰਦੀ ਤਾਂ ਉਸਨੂੰ ਮਾਰ ਦਿਤਾ ਜਾਂਦਾ ਹੈ। ਇਹ ਕੁਝ ਉਦਾਹਰਣ ਹਨ ਫੈਸ਼ਨ ਦੀਆਂ ਚੀਜ਼ਾਂ ਦੇ। ਪਰ ਜੀਵ ਜੰਤੂਆਂ ਦੇ ਬੇਰਹਿਮੀ ਤੇ ਅਤਿਆ-ਚਾਰਾਂ ਦਾ ਇਹ ਸਿਲਸਿਲਾ ਇਥੇ ਹੀ ਖਤਮ ਨਹੀਂ ਹੁੰਦਾ। ਇਸ ਦਾ ਇਕ ਦੂਜਾ ਪਾਸਾ ਵੀ ਹੈ ਜਿਸ ਰਾਹੀਂ ਇਹਨਾਂ ਚੀਜ਼ਾਂ ਦੀ ਮਨੁੱਖ ਲਈ ਵਰਤੋਂ ਹੋਣ ਤੋਂ ਪਹਿਲਾਂ ਭਾਵ ਬਾਜ਼ਾਰ ਵਿਚ ਭੇਜਣ ਤੋਂ ਪਹਿਲਾਂ ਇਹਨਾਂ ਚੀਜ਼ਾਂ ਦਾ ਤਜਰਬਾ ਜਾਨਵਰਾਂ ਤੇ ਕੀਤਾ ਜਾਂਦਾ ਹੈ, ਇਹਨਾਂ ਤਜਰਬਿਆਂ ਦੀ ਕਾਰਵਾਈ ਵੀ ਮਾਮੂਲੀ ਨਹੀਂ ਹੈ। ਜਦੋਂ ਇਹ ਚੀਜ਼ਾਂ ਤਿਆਰ ਹੋ ਜਾਂਦੀਆਂ ਹਨ ਤਾਂ ਇਹ ਦੇਖਣ ਲਈ ਕਿ ਇਹਨਾਂ ਚੀਜ਼ਾਂ ਦਾ ਮਨੁੱਖ ਉਤੇ ਕੋਈ ਬੁਰਾ ਅਸਰ ਤਾਂ ਨਹੀਂ ਹੋਵੇਗਾ ਜਾਨਵਰਾਂ ਉਤੇ ਇਹਨਾਂ ਦਾ ਤਜਰਬਾ ਕੀਤਾ ਜਾਂਦਾ ਹੈ।

## ਸ਼ੈਂਪੂ

ਸਿਰ ਧੋਣ ਦਾ ਤਰਲ ਸਾਬਣ ਸਾਡੇ ਸਿਰ ਦੇ ਵਾਲਾਂ ਤਕ ਪਹੁੰਚਣ ਤੋਂ ਪਹਿਲਾਂ ਖਰਗੋਸ਼ ਦੀਆਂ ਅੱਖਾਂ ਤਕ ਜਾਂਦਾ ਹੈ। ਖਰਗੋਸ਼ ਨੂੰ ਅਜਿਹੇ ਪਿੰਜਰੇ ਵਿਚ ਜਕੜ ਦਿਤਾ ਜਾਂਦਾ ਹੈ ਜਿਸ ਵਿਚ ਕੇਵਲ ਉਸ ਦਾ ਸਿਰ ਬਾਹਰ ਰਹਿੰਦਾ ਹੈ ਅਤੇ ਉਹ ਹਿਲਜੁਲ ਨਹੀਂ ਸਕਦਾ। ਖਰਗੋਸ਼ ਦੀਆਂ ਅੱਖਾਂ ਦੀਆਂ ਪਲਕਾਂ ਨੂੰ ਸਿਖ ਵੱਲ ਖਿੱਚ ਕੇ ਪਿੰਨ ਜਾਂ ਟੇਪ ਲਗਾ ਦਿਤੀ ਜਾਂਦੀ ਹੈ ਤਾਂ ਕਿ ਉਹ ਪਿਛੋਂ ਉਸ ਦੀ ਅੱਖ ਵਿਚ ਤਿੰਨ ਚਾਰ ਬੂੰਦਾਂ ਸ਼ੈਂਪੂ ਦੀਆਂ ਪਾ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਇਹ ਦੇਖਿਆ ਜਾ ਸਕੇ ਕਿ ਉਸ ਨੂੰ ਕਿੰਨੀ ਜਲਣ ਖੁਰਕ ਜਾਂ ਤਕਲੀਫ ਹੁੰਦੀ ਹੈ। ਕਈ ਦਿਨਾਂ ਤਕ ਉਹ ਇਸੇ ਹਾਲਾਤ ਵਿਚ ਰਹਿੰਦਾ ਹੈ। ਅਕਸਰ ਇਸ ਤਜਰਬੇ ਨਾਲ ਖਰਗੋਸ਼ ਦੀਆਂ ਅੱਖਾਂ ਵਿਚ ਛਾਲੇ ਪੈ ਜਾਂਦੇ ਹਨ ਅਤੇ ਉਹ ਅੰਨ੍ਹਾਂ ਹੋ ਜਾਂਦਾ ਹੈ।

ਸਰੀਰ ਅਤੇ ਚਿਹਰੇ ਤੇ ਲਾਉਣ ਵਾਲੀ ਕਰੀਮ ਪਹਿਲਾਂ ਜਾਨਵਰਾਂ ਦੀ ਨੋਚੀ ਹੋਈ ਚਮੜੀ ਉਤੇ ਪਰਖੀ ਜਾਂਦੀ ਹੈ ਤੇ ਫਿਰ ਬਾਜ਼ਾਰ ਵਿਚ ਵਿਕਣ ਲਈ ਆਉਂਦੀ ਹੈ। ਖਰਗੋਸ਼ ਜਾਂ ਚੂਹੇ ਦੇ ਸਰੀਰ ਦੇ ਵਾਲ ਉਸਤਰੇ ਨਾਲ ਉਤਾਰ ਦਿਤੇ ਜਾਂਦੇ ਹਨ। ਉਸ ਦੀ ਚਮੜੀ ਤੇ ਟੇਪ ਲਗਾ ਦਿਤੀ ਜਾਂਦੀ ਹੈ। ਫਿਰ ਟੇਪ ਨੂੰ ਇਕ ਅਜਿਹੇ ਝਟਕੇ ਨਾਲ ਖਿੱਚ ਕੇ ਉਤਾਰਿਆ ਜਾਂਦਾ ਹੈ ਕਿ ਇਸ ਦੇ ਨਾਲ ਨਾਲ ਉਸ ਦੀ ਚਮੜੀ ਉਤਰ ਆਉਂਦੀ ਹੈ। ਇਹ ਕਿਰਿਆ ਉਦੋਂ ਤਕ ਦੁਹਰਾਈ ਜਾਂਦੀ ਹੈ ਜਦੋਂ ਤਕ ਅੰਦਰਲਾ ਮਾਸ ਨਾ ਦਿੱਸਣ ਲੱਗ ਪਵੇ। ਫਿਰ ਇਸ ਕੱਚੇ ਮਾਸ ਦੇ ਤਰ੍ਹਾਂ ਤਰ੍ਹਾਂ


Sri Satguru Jagjit Singh Ji Elibrary NamdhariElibrary@gmail.com

ਦੇ ਚਿਲਮਿਲਾਹਟ ਵਾਲੇ ਲੋਸ਼ਨ ਜਿਵੇਂ ਆਫਟਰ ਸ਼ੇਵ ਲੋਸ਼ਨ ਯੂਡਕੋਲੋਨ ਆਦਿ ਲਾਏ ਜਾਂਦੇ ਹਨ ਅਤੇ ਇਹਨਾਂ ਦਾ ਅਸਰ ਜਾਨਵਰਾਂ ਤੇ ਦੇਖਿਆ ਜਾਂਦਾ ਹੈ। ਦੋ ਤਿੰਨ ਦਿਨਾਂ ਤਕ ਜਾਨਵਰ ਇਸੇ ਹਾਲਤ ਵਿਚ ਬਿਨਾਂ ਹਿਲਣ ਜੁਲਣ ਦੇ ਪਿੰਜਰੇ ਵਿਚ ਜਕੜਿਆ ਰਹਿੰਦਾ ਹੈ ਅਤੇ ਫਿਰ ਵਿਚਾਰੇ ਜਾਨਵਰ ਦੀ ਚਮੜੀ ਜਲੇ ਜਾਂ ਦਰਦ ਨਾਲ ਉਹ ਮਰੇ ਇਹ ਉਸਦੀ ਕਿਸਮਤ ਹੈ। ਅੱਜ ਸਦੀਆਂ ਤੋਂ ਮਨੁੱਖ ਆਪਣੀ ਉਨਤੀ ਤੇ ਤਰੱਕੀ ਲਈ ਬੀਮਾਰੀਆਂ ਦੇ ਇਲਾਜ ਲਈ ਅਨੇਕਾਂ ਜਾਨਵਰਾਂ ਤੇ ਅਤਿਆਚਾਰ ਕਰਦਾ ਆ ਰਿਹਾ ਹੈ, ਪਰ ਆਪਣੀ ਸੁੰਦਰਤਾ ਨੂੰ ਵਧਾਉਣ ਲਈ ਆਪਣੇ ਸ਼ੌਕ ਲਈ ਹਜ਼ਾਰਾਂ ਬੇ-ਜ਼ਬਾਨ ਜਾਨਵਰਾਂ ਤੇ ਜ਼ੁਲਮ ਕਿਉਂ ?

ਇਸ ਦਾ ਇਹ ਅਰਥ ਨਹੀਂ ਕਿ ਸਾਡੇ ਦੇਸ਼ ਵਿਚ ਜਾਂ ਬਦੇਸ਼ਾਂ ਵਿਚ ਅਜਿਹਾ ਸਾਮਾਨ ਹੀ ਨਹੀਂ ਹੈ ਜੋ ਇਹਨਾਂ ਅਤਿਆਚਾਰਾਂ ਜਾਂ ਜ਼ੁਲਮਾਂ ਤੋਂ ਬਿਨਾਂ ਬਣਾਇਆ ਗਿਆ ਹੋਵੇ। ਸਾਡੇ ਦੇਸ਼ ਅਤੇ ਬਿਦੇਸ਼ਾਂ ਵਿਚ ਹੁਣ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ ਜੋ ਹਰ ਤਰ੍ਹਾਂ ਦੀ ਸੁੰਦਰਤਾ ਦੇ ਸਾਮਾਨ ਬਣਾਉਂਦੀਆਂ ਹਨ। ਪਰ ਉਹਨਾਂ ਦੇ ਬਣਾਉਣ ਦੀ ਕਿਰਿਆ ਵਿਚ ਜਾਨਵਰਾਂ ਤੇ ਜ਼ੁਲਮ ਨਹੀਂ ਹੁੰਦਾ ਬਲਕਿ ਕੁਦਰਤ ਦੀਆਂ ਅਣਗਿਣਤ ਦਾਤਾਂ ਦੀ ਵਰਤੋਂ ਕੀਤੀ ਜਾਂਦੀ ਹੈ। (ਅਨੁ: ਸ: ਸ: ਵੁੱਲ)

# "ਕੁਝ ਖਿਆਲ"

**ਤਰਲੋਕ ਮਨਸੂਰ**

੧. ਮਨੁਖ 'ਸਮੇਂ' ਤੇ 'ਦੂਰੀ' ਦੀ ਕੈਦ ਵਿਚ ਪਿਆ ਹੋਇਆ ਹੈ। ਇੰਜ ਉਸਦੀ ਬੁਧ ਸੀਮਤ ਹੋ ਕੇ ਰਹਿ ਗਈ ਹੈ। ਤੇ ਉਸਦਾ ਗਿਆਨ ਅਧੂਰਾ। ਆਓ ਸਮੇਂ ਤੇ ਦੂਰੀ ਦੀ ਸੀਮਾ ਨੂੰ ਲੰਘੀਏ। ਸੋਚੀਏ—ਇਸ ਅਸੀਮ ਪੁਲਾੜ ਵਿਚ ਵਿਚਰਦੇ ਅਸੰਖਾਂ ਸੂਰਜਾਂ ਧਰਤੀਆਂ ਬਾਰੇ। ਇਹਨਾਂ ਦੇ ਆਕਾਰਾਂ ਬਾਰੇ। ਇਹ ਕਿੰਜ ਬਣੇ, ਕਦ ਬਣੇ ? ਤੇ ਸੋਚੀਏ ਇਹਨਾਂ ਵਿਚੋਂ ਲੱਖਾਂ ਧਰਤੀਆਂ ਉਤੇ ਸਾਹ ਲੈਂਦੇ ਜੀਵ-ਜੰਤੂਆਂ ਬਾਰੇ। ਕਿਆਸ ਕਰੀਏ ਉਹਨਾਂ ਦੀਆਂ ਸ਼ਕਲਾਂ ਦਾ ਤੇ ਉਹਨਾਂ ਦੇ ਰਹਿਣ ਸਹਿਣ ਦਾ।

ਮੈਂ ਜਦ ਕਦੇ ਵੀ ਏਸ ਸਭ ਕੁਝ ਬਾਰੇ ਸੋਚਿਆ ਹੈ, ਪੰਜ-ਭੂਤਕ ਦੇਹ ਦੀਆਂ ਵਲਗਣਾਂ ਤੋਂ ਬਾਹਰ ਹੋ ਕੇ ਕਿਸੇ ਚਾਨਣ ਵਿਚ ਨਹਾਤਾ ਹਾਂ। ਸਥੂਲ ਸਰੀਰ ਤੋਂ ਉਤਾਂਹ ਉਠ ਕੇ ਕੇਵਲ ਇਕ ਚੇਤਨਾ ਰਹਿ ਗਿਆ ਹਾਂ। ਇਕ ਤਰਲ ਜਜ਼ਬਾ ਜਿਹਾ। ਦੁਖ ਸੁਖ ਤੇ ਜਨਮ ਮਰਨ ਤੋਂ ਪਰ੍ਹਾਂ ਦੀ ਵਸਤੂ। ਇਹਨਾਂ ਮਸਤੀ ਭਰੇ ਛਿਣਾਂ ਦੀ ਹੋਰ ਕੋਈ ਤੁਲਨਾ ਨਹੀਂ। ਇਸ ਵਿਸਮਾਦ ਮਈ ਅਵਸਥਾ ਦਾ ਜੀਣਾ ਹੀ ਸਵਰਗ ਦਾ ਮਾਨਣਾ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ—ਜੋ ਕੋਈ ਵੀ ਦਿਸਦੇ ਦੀ ਹੱਦ ਤੋਂ ਹੋਰ ਅਗੇ ਵੇਖਣ ਦਾ ਜਤਨ ਕਰਦਾ ਹੈ, ਤੇ ਮਨੁਖੀ ਅਕਲ ਦੇ ਮਿਥੇ ਅੰਕੜਿਆਂ ਤੋਂ ਹੋਰ ਅਗੇਰੇ ਹੋ ਕੇ ਸੋਚਦਾ ਹੈ ਉਹ ਰੱਬ ਦੇ ਨੇੜੇ ਹੁੰਦਾ ਹੈ। ਇਸ ਧਰਤੀ ਦੇ ਰਵਾਇਤੀ ਧਰਮਾਂ, ਰੀਤਾਂ ਰਿਵਾਜਾਂ, ਨਸਲਾਂ ਤੇ ਮੁਲਕਾਂ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ।

੨. ਅਨੇਕ ਧਰਮਾਂ ਤੋਂ ਰਹਿਤ ਸਮਾਜ ਹੀ ਧਰਮੀ ਸਮਾਜ ਹੋਵੇਗਾ।

੩. ਗਿਆਨਵਾਨ ਬੰਦੇ ਉਹ ਫਰਿਸ਼ਤੇ ਹੁੰਦੇ ਹਨ, ਜੋ ਬਿਨਾਂ ਪਰਾਂ ਤੋਂ ਉਡ ਸਕਦੇ ਹਨ।

੪. ਫੁੱਲਾਂ ਦੀ ਖੁਸ਼ਬੂ ਇਸ ਤੋਂ ਕਿਤੇ ਵਧ ਮਨਮੋਹਕ ਹੁੰਦੀ ਹੈ।

੫. ਕਦੇ ਕਦੇ ਤੁਸੀਂ ਕਿਸੇ ਇਕ ਦਾ ਪਿਆਰ ਪਾਕੇ ਨਿਹਾਲ ਹੋ ਜਾਂਦੇ ਹੋ, ਤੇ ਜੇ ਤੁਹਾਨੂੰ ਸਾਰੀ ਮਨੁਖ-ਜਾਤੀ ਦਾ ਪਿਆਰ ਮਿਲ ਜਾਵੇ ? ਤਾਂ ?

੬. ਪੰਛੀ ਜਦੋਂ ਉੱਡਦੇ ਹਨ ਤਾਂ ਕੀ ਉਹ ਮੁਲਕਾਂ ਦੀਆਂ ਹੱਦਾਂ ਬੰਨ੍ਹੀਆਂ ਵੇਖਦੇ ਹਨ ? ਇਹ ਪਾਸਪੋਰਟ ਤੇ ਵੀਜ਼ੇ ਸਾਡੇ ਲਈ ਹੀ ਕਿਉਂ ?

੭. ਕੁਝ ਵੰਡਣਾ ਹੀ ਹੈ ਤਾਂ ਸ਼ੁਭ ਇਛਾਵਾਂ ਵੰਡੋ।

੮. ਜਿਸ ਲੋਕ-ਤੰਤਰ ਦਾ ਅਜ ਅਸੀਂ ਗੁਣ ਗਾਨ ਕਰਦੇ ਹਾਂ ਇਸ ਬਾਰੇ ਅਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨੀ ਦਾਰਸ਼ਕ ਅਫਲਾਤੂਨ ਨੇ ਆਖਿਆ ਸੀ—"ਧਨਵਾਨ ਲੋਕਾਂ ਦੇ ਹੱਥ ਪੰਚਾਇਤੀ ਰਾਜ ਦੀ ਵਾਗ ਡੋਰ ਦੇ ਦੇਣੀ ਮਹਾਂ-ਮੂਰਖਤਾ ਹੈ। ਅਜਿਹਾ ਕਰਨਾ ਕੌਮ ਤੇ ਮੁਲਕ ਨੂੰ ਤਬਾਹ ਕਰਨਾ ਹੈ।"

ਤੁਹਾਡਾ ਕੀ ਖਿਆਲ ਹੈ ?

★



Sri Satguru Jagjit Singh Ji Elibrary NamdhariElibrary@gmail.com

ਜੀਵਨ ਜਾਚ

# ਡਟੇ ਰਹੋ

ਬਹੁਤ ਸਾਰੇ ਅਜਿਹੇ ਲੋਕ ਹਨ, ਜਿਨਾਂ ਨੂੰ ਜੀਵਨ ਵਿਚ ਕਦੀ ਸਫਲਤਾ ਨਹੀਂ ਮਿਲਦੀ ਹਾਲਾਂ ਕਿ ਉਹ ਬੜੇ ਬੁਧੀਮਾਨ ਸਿਆਣੇ ਅਤੇ ਪ੍ਰਤਿਭਾਵਾਨ ਹੁੰਦੇ ਹਨ। ਅਜਿਹੇ ਵਿਅਕਤੀ ਦਾ ਮੁਕਾਬਲਾ ਅਸੀਂ ਕਈਵਾਰ ਉਸ ਵਿਅਕਤੀ ਨਾਲ ਕਰਦੇ ਹਾਂ ਜਿਹੜੇ ਸਧਾਰਨ ਪਧਰ ਦੇ ਹੁੰਦੇ ਹਨ। ਪਰ ਉਸ ਨੇ ਜੀਵਨ ਵਿਚ ਅਜਿਹੀ ਸਫਲਤਾ ਪ੍ਰਾਪਤ ਕਰ ਲਈ ਹੁੰਦੀ ਹੈ ਜਿਸ ਦੀ ਹਰ ਕੋਈ ਪ੍ਰਸ਼ੰਸਾ ਕਰਦਾ ਹੈ। ਇਸ ਤਰ੍ਹਾਂ ਦਾ ਬੰਦਾ ਜ਼ਿੰਦਗੀ ਵਿਚ ਹਰ ਸਥਿਤੀ ਦਾ ਮੁਕਾਬਲਾ ਡਟ ਕੇ ਕਰਦਾ ਹੈ ਜਿਸ ਕਰਕੇ ਉਸਨੂੰ ਭਾਂਜ ਨਹੀਂ ਹੁੰਦੀ।

ਇਸ ਦੇ ਉਲਟ ਜਿਹੜੇ ਡਟੇ ਨਹੀਂ ਰਹਿ ਸਕਦੇ, ਉਹ ਭਾਵੇਂ ਕਿੰਨੇ ਵੀ ਬੁਧੀਮਾਨ ਹੋਣ, ਉਨਾਂ ਨੂੰ ਸਫਲਤਾ ਨਹੀਂ ਮਿਲ ਸਕਦੀ। ਕੋਈ ਲੋਕਾਂ ਨੂੰ ਕੁਦਰਤ ਵਲੋਂ ਹੀ ਡਟੇ ਰਹਿਣ ਦੀ ਤਾਕਤ ਦਾਤ ਦੇ ਰੂਪ ਵਿਚ ਮਿਲੀ ਹੋਈ ਹੁੰਦੀ ਹੈ। ਲੋਕ ਉਨਾਂ ਨੂੰ 'ਸਿਰੜੀ' ਵੀ ਕਹਿੰਦੇ ਹਨ। ਉਹ ਹਰ ਕੰਮ ਨੂੰ ਪੂਰਾ ਕਰਕੇ ਹੀ ਛਡਣ ਦੇ ਆਦੀ ਹੁੰਦੇ ਹਨ। ਅਧੂਰਾ ਕੰਮ ਛਡਣਾ ਉਨਾਂ ਨੂੰ ਚੰਗਾ ਨਹੀਂ ਲਗਦਾ ਹੈ। ਜਿਸ ਕਰਕੇ ਉਹ ਕੰਮ ਵਿਚ ਡਟੇ ਹੀ ਰਹਿੰਦੇ ਹਨ ਭਾਵੇਂ ਕਿ ਕਿੰਨਾ ਵੀ ਸਮਾਂ ਲਗ ਜਾਵੇ।

ਹਾਂ, ਕਈ ਵਾਰ ਇਹ ਸਿਰੜੀਪੁਣਾ ਰੋਗ ਦੀ ਹੱਦ ਤਕ ਵੀ ਵਧ ਜਾਂਦਾ ਹੈ ਅਤੇ ਉਹ ਜੇਕਰ ਔਰਤਾਂ ਵਿਚ ਹੋਵੇ ਤਾਂ ਉਹ ਘਰੇਲੂ ਜੀਵਨ ਨੂੰ ਤਲਖ ਬਣਾ ਦਿੰਦੀਆਂ ਨੇ। ਪਰ ਹਰੇਕ ਇਨਾਂ ਕੁ ਸਿਰੜੀ ਜ਼ਰੂਰ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਕੰਮ ਨੂੰ ਅਧੂਰਾ ਨਾ ਛੱਡੇ। ਇਹ ਸਿਰੜੀਪੁਣਾ, ਸਵੈ-ਅਨੁਸ਼ਾਸ਼ਨ ਦੀ ਭਾਵਨਾ ਨਾਲ ਹੀ ਜੀਵਨ 'ਚ ਆ ਸਕਦਾ ਹੈ। ਜੇਕਰ ਜੀਵਨ ਵਿਚੋਂ ਸਵੈ-ਅਨੁਸ਼ਾਸਨ ਖ਼ਤਮ ਹੋ ਜਾਵੇ ਤਾਂ ਹਰ ਚੀਜ਼ ਬਿਖਰ ਜਾਵੇਗੀ। ਇਥੇ ਤਕ ਜੀਵਨ ਵੀ! ਪਰ ਜਿਹੜੇ ਲੋਕ ਜੀਵਨ ਵਿਚ ਉਸਾਰੂ ਵਤੀਰਾ ਰੱਖਦੇ ਹਨ, ਉਨਾਂ ਦੇ ਮਨ ਵਿਚ ਹੀ ਸਵੈ-ਅਨੁਸ਼ਾਸ਼ਨ ਦੀ ਭਾਵਨਾ ਜਨਮ ਲੈ ਸਕਦੀ ਹੈ। ਸਵੈ-ਅਨੁਸ਼ਾਸਨ ਤੋਂ ਬਗੈਰ ਡਟੇ ਰਹਿਣ ਦੀ ਭਾਵਨਾ ਦਾ ਜਨਮ ਨਹੀਂ ਹੋ ਸਕਦਾ।

ਆਪਣੇ ਮਨ ਵਿਚ ਡਟੇ ਰਹਿਣ ਦਾ ਭਾਵ ਭਰਨ ਲਈ ਪਹਿਲੀ ਸ਼ਰਤ ਇਹ ਹੈ ਕਿ ਬੰਦਾ ਹਰ ਵੇਲੇ, ਕੰਮ ਕਰਦੇ ਸਮੇਂ ਇਹ ਗੱਲ ਕਹੇ 'ਇਹਨੂੰ ਹੁਣੇ ਹੀ ਕਰੋ।' ਕਈ ਵਾਰ ਇਹ ਸੰਭਵ ਨਹੀਂ ਹੁੰਦਾ ਕਿ ਬੰਦਾ ਹਰ ਕੰਮ ਤੁਰੰਤ ਕਰ ਲਵੇ, ਪਰ ਆਪਣੇ ਆਪ ਨੂੰ ਤੁਰੰਤ ਕੰਮ ਕਰਨ ਵਾਸਤੇ ਤਿਆਰ ਕਰਨਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਸਾਈਕਲ ਦੀ ਸਫਾਈ ਕਦੀ ਨਹੀਂ ਹੋਵੇਗੀ। ਨਲਕੇ ਦੀ ਬੋਕੀ ਕਦੀ ਨਹੀਂ ਠੀਕ ਕਰਵਾ ਹੋਵੇਗੀ ਅਤੇ ਤਾਲੇ ਦੀ ਚਾਬੀ ਕਦੀ ਨਹੀਂ ਲਭੇਗੀ।

ਜਦੋਂ ਅਸੀਂ ਕਹਿੰਦੇ ਹਾਂ—'ਮੈਂ ਇਹਨੂੰ ਫੇਰ ਕਰਾਂਗਾ।' ਤਾਂ ਮਤਲਬ ਹੈ ਕਿ ਉਹ ਕੰਮ ਫੇਰ ਕਦੇ ਵੀ ਨਹੀਂ ਹੋਣ ਲਗਾ।

ਡਟੇ ਰਹਿਣ ਦਾ ਦੂਜਾ ਭੇਤ ਇਹ ਹੈ ਕਿ ਸਮੇਂ ਦੀ ਪੂਰੀ ਵਰਤੋਂ ਕੀਤੀ ਜਾਵੇ। ਸਾਡੇ ਕੋਲ ਬੜਾ ਥੋੜ੍ਹਾ ਪਰ ਬੜਾ ਕੀਮਤੀ ਸਮਾਂ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਹਰੇਕ ਕੰਮ ਨੂੰ ਮਿਥੇ ਹੋਏ ਸਮੇਂ ਵਿਚ ਖਤਮ ਕਰਦੇ ਜਾਈਏ। ਇਹ ਨਹੀਂ ਹੋਣਾ ਚਾਹੀਦਾ ਕਿ ਕਾਹਲੀ ਵਿਚ ਇਕ ਕੰਮ ਨੂੰ ਸ਼ੁਰੂ ਕਰ ਲਿਆ ਜਾਵੇ ਅਤੇ ਦੂਸਰੇ ਨੂੰ ਮੁਕਾਏ ਬਗੈਰ ਹੀ ਤੀਸਰੇ ਨੂੰ ਹੱਥ ਪਾ ਲਿਆ ਜਾਵੇ।

ਕੰਮ ਹਰ ਰੋਜ਼ ਕਰਨਾ ਚਾਹੀਦਾ ਹੈ। ਜੇਕਰ ਇਕ ਦਿਨ ਦੀ ਚੰਗੀ ਤਰਾਂ ਵਿਉਂਤ-ਬੰਦੀ ਕੀਤੀ ਜਾਵੇ ਤਾਂ ਅਸੀਂ ਜਿੰਨਾ ਕੰਮ ਕਰ ਲਵਾਂਗੇ, ਉਹ ਨੂੰ ਵੇਖ ਕੇ ਸਾਨੂੰ ਹੈਰਾਨੀ ਹੋਵੇਗੀ। ਮਿਥਿਆ ਹੋਇਆ ਕੰਮ ਕਰਨ ਉਪਰੰਤ ਹੀ ਮਨੋਰੰਜਨ ਬਾਰੇ ਸੋਚਣਾ ਚਾਹੀਦਾ ਹੈ।

ਇਹ ਗੈਰ ਕੁਦਰਤੀ ਅਮਲ ਨਹੀਂ ਹੈ, ਜੇਕਰ ਅਸੀਂ ਹਰ ਵੇਲੇ ਕੰਮ 'ਚ ਹੀ ਖੱਚਤ ਰਹਾਂਗੇ ਤਦ ਆਪਣੇ ਆਪ ਨੂੰ ਤਸੀਹੇ ਦੇਣ ਵਾਲੀ ਗੱਲ ਹੋਵੇਗੀ। ਕੰਮ ਮਗਰੋਂ ਮਨੋਰੰਜਨ ਵੀ ਜ਼ਰੂਰੀ ਹੈ। ਵਧੀਆ ਗੱਲ ਇਹੋ ਹੈ ਕਿ ਜਦੋਂ ਤਕ ਇਕ ਕੰਮ ਸੰਪੂਰਨ ਨਹੀਂ ਹੁੰਦਾ ਡਟੇ ਰਹੋ। ਇਕ ਦਿਨ ਦੇ ਅਖੀਰ ਵਿਚ ਜੇਕਰ ਕੁਝ ਕੰਮ ਅਧੂਰਾ ਰਹਿ ਵੀ ਜਾਵੇ ਤਾਂ ਉਹਨੂੰ ਅਗਲੇ ਦਿਨ ਸਭ ਤੋਂ ਪਹਿਲਾਂ ਕੀਤਾ ਜਾਵੇ।



Sri Satguru Jagjit Singh Ji Elibrary NamdhariElibrary@gmail.com

ਫੇਰ ਦੂਸਰੇ ਕੰਮ ਨੂੰ ਹੱਥ ਪਾਇਆ ਜਾਵੇ।

ਡਟੇ ਰਹਿਣਾ ਇਕ ਆਦਤ ਹੀ ਹੈ। ਜੇਕਰ ਇਕ ਵਾਰ ਤੁਸੀਂ ਇਹ ਆਦਤ ਬਣਾ ਲਵੋ ਤਾਂ ਫੇਰ ਇਹ ਤੁਹਾਡੇ ਸੁਭਾ ਵਿਚ ਸ਼ਾਮਿਲ ਹੋ ਜਾਵੇਗੀ।

ਕਈ ਵਾਰ ਕੰਮ ਬਹੁਤਾ ਹੋਵੇ ਤਾਂ ਬੰਦਾ ਘਬਰਾ ਹੀ ਜਾਂਦਾ ਹੈ ਪਰ ਜਿਸ ਨੇ ਡਟੇ ਰਹਿਣ ਦਾ ਭੇਦ ਜਾਣ ਲਿਆ ਹੈ, ਉਹ ਹੌਲੀ ਹੌਲੀ, ਥੋੜਾ-ਥੋੜਾ ਕਰਕੇ, ਸਾਰਾ ਹੀ ਕੰਮ ਮੁਕਾ ਲੈਂਦਾ ਹੈ। ਹੋਰ ਲੋਕ ਸੋਚਦੇ ਹੀ ਰਹਿ ਜਾਂਦੇ ਨੇ ਕਿ ਏਨਾ ਕੰਮ ਕਿਵੇਂ ਹੋਵੇਗਾ?

ਹਰ ਕਦਮ ਧੀਰਜ ਨਾਲ ਚੁਕਣਾ ਚਾਹੀਦਾ ਹੈ। ਕਿਸੇ ਕਿਸਮ ਦੀ ਜਲਦਬਾਜ਼ੀ ਦੀ ਲੋੜ ਨਹੀਂ ਹੈ। ਜੇਕਰ ਕੁਝ ਚਿਰ ਲਈ ਕੰਮ ਛੱਡਣਾ ਵੀ ਹੋਵੇ ਤਾਂ ਉਸ ਪੜਾਅ ਤੇ ਛੱਡਣਾ ਚਾਹੀਦਾ ਹੈ ਜਿਥੋਂ ਫੇਰ ਬੜੀ ਸੌਖੀ ਤਰਾਂ ਸ਼ੁਰੂ ਕੀਤਾ ਜਾ ਸਕੇ।

ਡਟੇ ਰਹਿਣਾ ਵੀ ਕਿਸੇ ਮੰਤਵ ਲਈ ਹੋਣਾ ਚਾਹੀਦਾ ਹੈ। ਆਪਣਾ ਮੰਤਵ ਸਪਸ਼ਟ ਹੋਵੇ ਅਤੇ ਫੇਰ ਪੂਰੀ ਸਿਦਕ-ਦਿਲੀ ਤੇ ਦ੍ਰਿੜਤਾ ਨਾਲ ਉਸ ਦੀ ਪ੍ਰਾਪਤੀ ਲਈ ਕੰਮ ਕੀਤਾ ਜਾਵੇ। ਜਦੋਂ ਇਕ ਵਾਰ ਉਦੇਸ਼ ਮਿਥ ਲਿਆ ਜਾਵੇ ਫੇਰ ਉਸੇ ਵਲ ਦ੍ਰਿਸ਼ਟੀ ਕਰਕੇ ਅਗੇ ਵਧਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਹਰ ਰੋਜ਼ ਮੰਤਵ ਨੂੰ ਬਦਲਿਆ ਜਾਵੇ ਅਤੇ ਜਾਂ ਇਹ ਪਤਾ ਹੀ ਨਾ ਹੋਵੇ ਕਿ ਮੰਤਵ ਕਿਹੜਾ ਹੈ?

ਹਰ ਵੇਲੇ ਡਟੇ ਰਹਿਣ ਵਾਲੇ ਵਿਅਕਤੀ ਸਾਹਮਣੇ ਵੀ ਸਮੱਸਿਆਵਾਂ ਆਉਂਦੀਆਂ ਹਨ, ਰੁਕਾਵਟਾਂ ਪੈਂਦੀਆਂ ਹਨ ਅਤੇ ਉਸ ਦੀ ਵਿਰੋਧਤਾ ਵੀ ਹੁੰਦੀ ਹੈ ਪਰ ਉਸ ਦਾ ਉਸਾਰੂ ਵਤੀਰਾ ਉਸ ਨੂੰ ਭਟਕਣ ਨਹੀਂ ਦਿੰਦਾ। ਨਿਰਾਸ਼ ਵੀ ਨਹੀਂ ਹੋਣ ਦਿੰਦਾ। ਰੁਕਾਵਟਾਂ ਸਾਹਮਣੇ ਮੱਥਾ ਟੇਕ ਦੇਣ ਵਾਲੇ ਬਹੁਤ ਹਨ। ਡਟੇ ਰਹਿਣ ਵਾਲੇ ਵਿਰਲੇ ਹੀ ਹਨ।

ਡਟੇ ਰਹਿਣ ਵਾਲਾ ਰੁਕਾਵਟ ਦਾ ਕਾਰਨ ਲਭਦਾ ਹੈ ਸਮੱਸਿਆ ਦਾ ਹੱਲ ਲਭਦਾ ਹੈ ਅਤੇ ਉਲਝਣ ਨੂੰ ਸੁਲਝਾਉਣ ਦਾ ਆਹੁਰ ਕਰਦਾ ਹੈ। ਇਹ ਨਹੀਂ ਹੁੰਦਾ ਕਿ ਉਹ ਨਿਰਾਸ਼ ਹੋ ਜਾਵੇ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਡਟੇ ਰਹਿਣਾ ਆਪਣੇ ਵਿਚ ਬੜੀ ਵੱਡੀ ਪ੍ਰਾਪਤੀ ਹੈ।

ਆਰ. ਜੇ. ਹੀਥਰਨ

## ਸੰਗੀਤ ਕਲਾ ਮੰਚ ਜਲੰਧਰ ਦਾ ਛੇਵਾਂ ਵਾਰਸ਼ਿਕ ਸੰਗੀਤ ਸਮਾਰੋਹ

—ਪਰੋਫੈਸਰ ਜੋਗਿੰਦਰ ਬਾਵਰਾ

ਸੰਗੀਤ ਕਲਾ ਮੰਚ ਜਲੰਧਰ ਵਲੋਂ ੮ ਮਈ ੧੯੮੩ ਨੂੰ 6ਵਾਂ ਸਾਲਾਨਾ ਸੰਗੀਤ ਪ੍ਰੋਗਰਾਮ 'ਸ਼ਾਮ-ਏ-ਗ਼ਜ਼ਲ' ਦੇ ਰੂਪ ਵਿਚ ਲਾਇਨਜ਼ ਕਲਬ ਜਲੰਧਰ ਵਿਚ ਹੋਇਆ। ਇਸ ਦੀ ਪਰਧਾਨਗੀ ਜਲੰਧਰ ਦੇ ਡੀ. ਸੀ. ਸ੍ਰੀ ਜੇ. ਐਸ. ਕੇਸਰ ਨੇ ਕੀਤੀ। ਪਰੋਗਰਾਮ ਸਵਾ ਸਤ ਵਜੇ ਆਰੰਭ ਹੋਇਆ। ਸਭ ਤੋਂ ਪਹਿਲਾਂ ਸ੍ਰੀਮਤੀ ਪਰਮਿੰਦਰ ਬੇਰੀ ਨੇ ਸ਼ਮਾ-ਰੋਸ਼ਨ ਕਰਕੇ ਸਭਾ ਦਾ ਉਦਘਾਟਨ ਕੀਤਾ। ਆਪਣੇ ਭਾਸ਼ਨ ਵਿਚ ਉਹਨਾਂ ਨੇ ਮੰਚ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦਾ ਐਲਾਨ ਕੀਤਾ ਅਤੇ ਕਾਮਨਾ ਕੀਤੀ ਕਿ ਜੋਤੀ ਹਰ ਸਾਲ ਜਲਦੀ ਰਹੇ, ਸੰਗੀਤ ਦੇ ਪਰੋਗਰਾਮ ਹੁੰਦੇ ਰਹਿਣ।

ਪਰੋਗਰਾਮ ਸਰਸਵਤੀ ਬੰਦਨਾ ਨਾਲ ਆਰੰਭ ਕੀਤਾ ਗਿਆ ਜਿਸ ਵਿਚ ਕੁਮਾਰੀ ਅੰਜਲੀ, ਪਰੋਫੈਸਰ ਜੋਗਿੰਦਰ ਬਾਵਰਾ ਅਤੇ ਜਗਦੀਪ ਕਿਰਨ (ਤਬਲਾ), ਨੇ ਭਾਗ ਲਿਆ। ਸ੍ਰੀ ਜੋਗਿੰਦਰ ਤੱਖੀ ਨੇ ਸੈਕਸੋਫੋਨ ਤੇ ਰਾਗ ਮਨਹਰ ਕਲਿਆਣ ਪ੍ਰਸਤੁਤ ਕੀਤਾ ਅਤੇ ਪੰਡਤ ਰਮਾਕਾਂਤ ਨੇ ਤਬਲਾ ਸੰਗਤਿ ਕੀਤੀ। ਕੁਮਾਰੀ ਸ਼ਰਧਨੀ ਜਸਵਾਲ ਨੇ ਰਾਗ ਹੰਸ ਧੁਨੀ ਵਿਚ ਖਿਆਲ ਪੇਸ਼ ਕੀਤਾ ਅਤੇ ਤਬਲਾ ਸੰਗਤਿ ਸ੍ਰੀ ਕਾਲੇ ਰਾਮ ਨੇ ਕੀਤੀ। ਹਾਰਮੋਨਿਅਮ ਦੀ ਸੰਗਤ ਪ੍ਰੋ: ਬਲਵੰਤ ਰਾਏ ਜਸਵਾਲ ਕਰ ਰਹੇ ਸਨ। ਉਪਰੰਤ ਗ਼ਜ਼ਲਾਂ ਦਾ ਦੌਰ ਸ਼ੁਰੂ ਹੋਇਆ।

ਸ੍ਰੀ ਸੁਰਿੰਦਰ ਕੁਮਾਰ ਸ਼ਰਮਾ (ਲੁਧਿਆਣਾ) ਨੇ ਸ਼ਕੀਲ ਦੀ ਗ਼ਜ਼ਲ ਸੁਣਾਈ। ਕੁਮਾਰੀ ਅੰਜਲੀ ਨੇ ਸਾਹਿਰ ਲੁਧਿਆਣਵੀ ਦਾ ਕਲਾਮ ਗਾਇਆ। ਪ੍ਰੋ: ਜੋਗਿੰਦਰ ਬਾਵਰਾ ਨੇ ਕਤੀਲ ਦੀ ਗ਼ਜ਼ਲ ਪੇਸ਼ ਕੀਤੀ। ਸ੍ਰੀ ਗੁਰਦੀਪ ਸਾਜਨ ਦੇ ਪੰਜਾਬੀ ਗ਼ਜ਼ਲ ਗਾਈ। ਕੁਮਾਰੀ ਸੁਰਧਨੀ ਨੇ ਗ਼ਜ਼ਲ ਗਈ ਸ੍ਰੀ ਸੁਰਿੰਦਰ ਚੱਠਾ ਨੇ 'ਕੁਛ ਤੋ ਦੁਨੀਆਂ ਕੀ ਇਨਾਅਤ ਨੇ ਦਿਲ ਤੋੜ ਦੀਆ ਗ਼ਜ਼ਲ ਗਾਈ। ਕੁਮਾਰੀ ਪ੍ਰਮਜੀਤ ਸੇਖੋਂ ਨੇ 'ਕੋਈ ਮੰਜ਼ਿਲ ਨਹੀਂ ਹਮ ਯੂੰਹੀ ਚਲੇ ਜਾਤੇ ਹੈਂ'' ਗ਼ਜ਼ਲ ਸੁਣਾਈ। ਸ੍ਰੀ ਸਤੀਸ਼ ਚੰਦਰ ਨੇ ਰੋਅਜ਼ ਦਾ ਕਲਾਮ ''ਦੋਨੋਂ ਜਹਾ ਤੇਰੀ ਮੁਹਬਤ ਮੇਂ ਹਾਰ ਕੇ, ਵੋਹ ਜਾ ਰਹਾ ਹੈ ਕੋਈ ਸ਼ਬੇ ਗ਼ਮ ਗੁਜ਼ਾਰ ਕੇ'' ਗਾ ਕੇ ਸ਼ਰੋਤਿਆਂ ਨੂੰ ਪ੍ਰਸ਼ਨ ਕੀਤਾ। ਅੰਤ ਵਿਚ ਅੰਮ੍ਰਿਤਸਰ ਦੇ ਸ੍ਰੀ ਸੁਰਿੰਦਰ ਸਿੰਘ ਨੇ ਗ਼ਜ਼ਲਾਂ ਪੇਸ਼ ਕਰ ਕੇ ਹਾਜ਼ਰੀਨ ਦਾ ਦਿਲ ਜਿਤਿਆ। ਤਬਲਾ ਸੰਗਤ ਵਾਰੀ ਵਾਰੀ ਪੰ: ਰਮਾ ਕਾਂਤ ਅਤੇ ਸ੍ਰੀ ਕਾਲੇ ਰਾਮ ਕਰ ਰਹੇ ਸਨ।



Sri Satguru Jagjit Singh Ji Elibrary NamdhariElibrary@gmail.com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE PUNJAB GOVT
QUALITY MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ ।

TRADE **JASPAL** MARK

**Grams : HABI INDUSTRIES** **Phone : 2737**

# *HABI INDUSTRIES (Regd.)*

10, Industrial Area,
PHAGWARA—144401,




Sri Satguru Jagjit Singh Ji Elibrary NamdhariElibrary@gmail.com

# ਕੌਮੀ ਏਕਤਾ ਦੀ ਕੁੰਜੀ : ਪੰਜਾਬੀ ਸਭਿਆਚਾਰ

—ਅਨੁਭਵੀ

ਈਸ਼ਰ ਸਿੰਘ ਅਟਾਰੀ, ਜਲੰਧਰ ਦੇ ਸਾਹਿਤ ਜਗਤ ਦਾ ਬਹੁਤ ਵੱਡਾ ਨਾਂਅ ਹੈ, ਉਸਦੀ ਸੰਸਥਾ ਪੰਜਾਬੀ ਸਾਹਿਤ ਸਮੀਖਿਆ ਬੋਰਡ ਉਸ ਦੇ ਨਾਂਅ ਤੋਂ ਵੀ ਵੱਡੀ ਹੈ ਅਤੇ ਇਸ ਸੰਸਥਾ ਵਲੋਂ ਤਿੰਨ ਜੂਨ ਨੂੰ ਜਲੰਧਰ ਵਿਚ ਕੀਤੇ ਗਏ ਸਾਹਿਤਕ-ਸਨਮਾਨ ਸਮਾਗਮ ਦਾ ਮਹੱਤਵ ਇਸ ਉਤੇ ਪਹੁੰਚੇ ਸਾਹਿਤਕਾਰਾਂ-ਸਰੋਤਿਆਂ ਅਤੇ ਬੁਲਾਰਿਆਂ ਦੀ ਹਾਜ਼ਰੀ ਦੇ ਲਿਹਾਜ਼ ਨਾਲ ਤਾਂ ਵਧ ਹੀ ਜਾਂਦਾ ਹੈ ਪਰ ਇਸ ਵਿਚ 'ਕੌਮੀ ਏਕਤਾ ਦੀ ਕੁੰਜੀ ਪੰਜਾਬੀ ਸਭਿਆਚਾਰ' ਉਤੇ ਕਰਵਾਈ ਗਈ ਵਿਚਾਰ ਚਰਚਾ ਇਸ ਮਹੱਤਵ ਨੂੰ ਹੋਰ ਗੰਭੀਰਤਾ ਪ੍ਰਦਾਨ ਕਰਦੀ ਹੈ। ਪੰਜਾਬ ਦੀ ਤਨਾਓ ਭਰੀ ਸਥਿਤੀ ਵਿਚ 'ਪੰਜਾਬੀ ਸਭਿਆਚਾਰ' ਦਾ ਨਾਅਰਾ ਉਭਾਰਨਾ ਇਕ ਵਡਮੁੱਲੀ ਦੀਰਘ-ਦ੍ਰਿਸ਼ਟੀ ਵਾਲੀ ਸੋਚ ਦਾ ਕਾਰਜ ਹੀ ਹੋ ਸਕਦਾ ਸੀ । ਇਹ ਕਾਰਜ ਨਿਭਾ ਕੇ ਈਸ਼ਰ ਸਿੰਘ ਅਟਾਰੀ ਨੇ 'ਪੰਜਾਬੀ ਸਭਿਆਚਾਰ' ਦੀ ਅਨਿਖੜਵੀਂ ਦਿਖ ਉਤੇ ਵਿਚਾਰ ਦਾ ਮੌਕਾ ਪ੍ਰਦਾਨ ਕੀਤਾ ਹੈ । ਭਾਵੇਂ ਇਸ ਸਮਾਗਮ




ਪੰਜਾਬੀ ਸਾਹਿਤ ਸਮੀਖਿਆ ਬੋਰਡ ਦੇ ਸਲਾਨਾ ਸਮਾਗਮ ਦੇ ਦ੍ਰਿਸ਼ : ਖੱਬੇ ਸ੍ਰੀ ਇੰਦਰ ਕੁਮਾਰ ਗੁਜਰਾਲ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਅਤੇ (ਉੱਪਰ) ਉਘੇ ਸਾਹਿਤਕਾਰ ਪ੍ਰੋ: ਕਿਰਪਾਲ ਸਿੰਘ ਕਸੇਲ ਨੂੰ ਸਨਮਾਨ । ਬੋਰਡ ਦੇ ਪ੍ਰਧਾਨ ਗਿਆਨੀ ਲਾਲ ਸਿਘ ਵੀ ਨਾਲ ਖੜੇ ਹਨ । ਹੇਠਾਂ ਸਮਾਗਮ ਵਿਚ ਪਹੁੰਚੇ ਸਾਹਿਤਕਾਰ ।



Sri Satguru Jagjit Singh Ji Elibrary NamdhariElibrary@gmail.com

ਵਿਚ ਇਸ ਵਿਸ਼ੇ ਉਤੇ ਕੋਈ ਨਿਠ ਕੇ ਚਰਚਾ ਨਹੀਂ ਹੋ ਸਕੀ, ਭਾਵੇਂ ਇਸ ਸਮਾਗਮ ਨੇ ਕਿਸੇ ਠੋਸ ਵਿਚਾਰ-ਖੰਡ ਨੂੰ ਉਭਾਰ ਕੇ ਪੇਸ਼ ਨਹੀਂ ਕੀਤਾ, ਭਾਵੇਂ ਇਹ ਸਮਾਗਮ ਸਿਆਸੀ ਆਗੂਆਂ ਦੀਆਂ ਰਸਮੀ ਜਿਹੀਆਂ ਫਿੱਕੀਆਂ ਫਿੱਕੀਆਂ ਤਕਰੀਰਾਂ ਹੇਠ ਦਬ ਕੇ ਰਹਿ ਗਿਆ ਫੇਰ ਵੀ ਡਾ: ਹਰਿਭਜਨ ਸਿੰਘ ਵਲੋਂ ਇਸ ਸਮਾਗਮ ਲਈ ਪੜ੍ਹਿਆ ਗਿਆ ਪਰਚਾ ਆਪਣੇ ਆਪ ਵਿਚ ਉਪਰੋਕਤ ਸਾਰੇ ਕਾਰਜ ਨਿਭਾ ਦਿੰਦਾ ਹੈ। ਉਨ੍ਹਾਂ ਦਾ ਪਰਚਾ "ਚੁਫੇਰੇ ਖੁਲ੍ਹੇ ਦਰਵਾਜ਼ਿਆਂ ਵਾਲੇ ਹਰਿਮੰਦਰ ਵਾਂਗ ਖੁਲ੍ਹੇ ਦਰਵਾਜ਼ਿਆਂ ਵਾਲੇ ਸਭਿਆਚਾਰ, ਸਾਹਿਤ ਅਤੇ ਭਾਸ਼ਾ ਦਾ ਹਾਮੀ" ਹੈ। ਪਰਚਾ ਕਹਿੰਦਾ ਹੈ, "ਅਸੀਂ ਆਪਣੀ ਬੋਲ-ਚਾਲ, ਕਾਰ-ਵਿਹਾਰ ਜਾਂ ਲੋਕ-ਕਰਨੀ ਵਿਚ ਪੱਕੇ ਪ੍ਰਮਾਣੀਕ ਪੰਜਾਬੀ ਹਾਂ ਪਰ ਕਥਨੀ ਵਿਚ ਕਿਤੇ ਲੜਖੜਾ ਜਾਂਦੇ ਹਾਂ। ਮੇਰੇ ਜ਼ਿਹਨ ਵਿਚ ਜਿਸ ਪੰਜਾਬੀਅਤ ਦਾ ਨਕਸ਼ ਹੈ, ਉਹ ਆਪਣੇ ਵਿਲੱਖਣ ਮੁਹਾਂਦਰੇ ਦੇ ਬਾਵਜੂਦ ਸਮੁੱਚੀ ਭਾਰਤੀਅਤਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਪੰਜਾਬੀਅਤ ਵੱਖਰੇ ਮੁਹਾਂਦਰੇ ਵਾਲੀ ਸ਼ੈਅ ਹੈ ਪਰ ਇਸ ਹੱਦ ਤੱਕ ਵਿਲੱਖਣ ਨਹੀਂ ਕਿ ਉਸ ਵਿਚੋਂ ਪੰਜਾਬੀਅਤ ਦੀ ਬੋ ਆਵੇ। ਇਸ ਤਰ੍ਹਾਂ ਸਾਂਝਾਂ ਥਾਪਣ ਵਾਲੀ, ਵਿੱਥਾਂ-ਮੇਟਣ ਹਾਰੀ ਪੰਜਾਬੀਅਤਾ ਦਾ ਪਰਮ-ਪ੍ਰਤੀਕ "ਆਦਿ-ਗ੍ਰੰਥ" ਹੈ। ਹੁਣੇ ਹੁਣੇ ਇਕ ਪੰਜਾਬੀ ਵੀਰ ਵਲੋਂ ਸੁਝਾਅ ਆਇਆ ਹੈ, ਕਿ 'ਆਦਿ-ਗ੍ਰੰਥ' ਦਾ ਹਿੰਦੂ ਮੰਦਰਾਂ ਵਿਚ ਵੀ ਪ੍ਰਕਾਸ਼ ਕੀਤਾ ਜਾਏ। ਇਹ ਵੱਡੀਆਂ ਸੰਭਾਵਨਾਵਾਂ ਜਗਾਉਣ ਵਾਲਾ ਸੁਝਾਓ ਹੈ। ਭਾਸ਼ਾ ਅਤੇ ਲਿੱਪੀ, ਦੇਸ ਅਤੇ ਪ੍ਰਦੇਸ, ਸਾਹਿਤ ਅਤੇ ਸਮਾਜ, ਲੋਕ-ਵਿਹਾਰ ਅਤੇ ਸਭਿਆਚਾਰ ਸਭਨਾਂ ਪੱਖਾਂ ਤੋਂ ਇਹ ਵਿਚਾਰਨ ਤੇ ਵਰਨਣ ਯੋਗ ਹੈ। ਇਸ ਵਿਚ ਏਕਤਾ ਦੀ ਕੁੰਜੀ ਦਾ ਰੋਲ ਨਿਭਾਉਣ ਦੀ ਸਮਰਥਾ ਹੈ।......ਅੱਜ ਦਾ ਸਾਹਿਤਕਾਰ ਇਕੋ ਭਾਸ਼ਾ ਨੂੰ ਅਨੇਕ ਸੁਨੇਹੇ ਸੰਚਾਰਨ ਲਈ ਵਰਤਦਾ ਹੈ। ਜਦ ਕਿ ਦ੍ਰਿਸ਼ਟੀ ਦੀ ਏਕਤਾਂ ਦੇ ਮੁਕਾਬਲੇ ਭਾਸ਼ਾ ਦੀ ਏਕਤਾ ਹੇਚ ਹੈ। ਲੋੜ ਹੈ ਕਿ ਇਕੋ ਭਾਰਤੀਅਤਾ ਨੂੰ ਅਨੇਕ ਭਾਸ਼ਾਵਾਂ ਰਾਹੀਂ ਸੰਚਾਰਿਤ ਕਰਨ ਵਾਲੀ ਗੁਰਮਿਤ ਪ੍ਰੰਪਰਾ ਨੂੰ ਅਪਣਾਇਆ ਜਾਵੇ। ਜਿਸ ਵਿਚ ਸੁਨੇਹੇ ਦੀ ਏਕਤਾ ਅਤੇ ਭਾਸ਼ਾਵਾਂ ਦੀ ਅਨੇਕਤਾ ਹੈ।" ਇਹ ਪਰਚਾ ਗੁਰਮਤਿ ਪ੍ਰੰਪਰਾ ਦੀ ਸਰਵ-ਸਾਂਝੀ ਤਾਸੀਰ ਨੂੰ ਉਜਾਗਰ ਕਰਦਾ ਹੋਇਆ ਭਾਸ਼ਾਵਾਂ ਦੀ ਅਨੇਕਤਾ ਦੇ ਵਿਚਾਰ ਵੱਲ ਫੈਲਦਾ ਹੈ। ਭਾਸ਼ਾ ਦੀ ਅਨੇਕਤਾ ਵਿਚ ਵੀ ਦ੍ਰਿਸ਼ਟੀ ਦੀ ਏਕਤਾ ਨੂੰ ਵੇਖਣ ਦਾ ਉਪਰਾਲਾ ਕਰਦਾ ਹੈ। ਇਹੀ ਇਸ ਪਰਚੇ ਦੀ ਪ੍ਰਾਕਿਰਤੀ ਹੈ ਤੇ ਇਹੀ ਇਸ ਪਰਚੇ ਦਾ ਪ੍ਰਕਾਰਜ ਹੈ, ਇਹੀ ਇਸ ਪਰਚੇ ਦੀ ਉਪਯੋਗਤਾ ਅਤੇ ਇਹੀ ਇਸ ਸਮਾਗਮ ਦੀ ਉਪਯੋਗਤਾ। ਸਮਾਗਮ ਦੀ ਪ੍ਰਧਾਨਗੀ ਇੰਦਰ ਕੁਮਾਰ ਗੁਜਰਾਲ ਨੇ ਕੀਤੀ, ਜੋ ਅੱਜ ਕੱਲ੍ਹ ਕਾਫੀ ਵਾਦ-ਵਿਵਾਦੀ ਵਿਅਕਤੀ ਹਨ। ਉਨ੍ਹਾਂ ਨੇ ਵੀ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਪੰਜਾਬੀਅਤ ਅਤੇ ਪੰਜਾਬੀ ਸਭਿਆ-ਚਾਰ ਨੂੰ ਇਕ ਬਹੁਤ ਵਿਸਤਰਿਤ ਵਿਸ਼ਾ ਕਿਹਾ ਅਤੇ ਇਸ ਸਮਾਗਮ ਦੇ ਪ੍ਰਬੰਧਕਾਂ ਦੇ "ਪੰਜਾਬੀ ਸਭਿਆਚਾਰ ਦੇ ਨਕਸ਼, ਪੰਜਾਬੀ ਸਾਹਿਤ ਵਿਚ ਪਛਾਨਣ ਅਤੇ ਪ੍ਰਚਾਰਨ ਦੇ ਉੱਦਮ ਨੂੰ ਸ਼ਲਾਘਾਯੋਗ ਕਿਹਾ। ਉਨ੍ਹਾਂ ਤੋਂ ਬਿਨਾਂ ਇਸ ਗੋਸ਼ਟੀ ਵਿਚ ਹਿੱਸਾ ਲੈਣ ਵਾਲਿਆਂ ਵਿਚ ਸ੍ਰੀ ਜਗਜੀਤ ਸਿੰਘ ਆਨੰਦ ਤੋਂ ਲੈ ਕੇ ਡਾ: ਰਾਮ ਲਾਲ ਜੱਸੀ ਤੱਕ ਉਹ ਸਾਰੇ ਵਿਅਕਤੀ ਸ਼ਾਮਲ ਹਨ, ਜਿਹੜੇ ਕਿਸੇ ਨਾ ਕਿਸੇ ਰੂਪ ਵਿਚ, ਕਿਸੇ ਨਾ ਕਿਸੇ ਸੰਸਥਾ ਜਾਂ ਰਾਜਨੀਤਕ ਪਾਰਟੀ ਨਾਲ ਕਿਵੇਂ ਨਾ ਕਿਵੇਂ ਜੁੜੇ ਹੋਏ ਹਨ ਜਾਂ ਕਿਸੇ ਵਿਸ਼ੇਸ਼ ਵਿਚਾਰਾਂ ਦੇ ਪ੍ਰਚਾਰਕ ਜਾਂ ਧਾਰਨੀ ਹਨ। ਇਨ੍ਹਾਂ ਵਿਚ ਸ: ਸੁਰਜੀਤ ਸਿੰਘ ਮਿਨਹਾਸ, ਦੇਵਿੰਦਰ ਸਿੰਘ ਦੁੱਗਲ, ਮਨਮੋਹਣ ਕਾਲੀਆ, ਇਕਬਾਲ ਸਿੰਘ, ਸੁਰਜੀਤ ਸਿੰਘ ਸੇਠੀ ਅਤੇ ਰੋਸ਼ਨ ਲਾਲ ਅਹੂਜਾ ਉਘੇ ਹਨ। ਬੋਰਡ ਦੇ ਪ੍ਰਧਾਨ ਗਿਆਨੀ ਲਾਲ ਸਿੰਘ ਦਾ ਭਾਸ਼ਨ ਆਪਣੇ ਆਪ ਵਿਚ ਵਿਲੱਖਣ ਸੀ। ਉਨ੍ਹਾਂ ਨੇ ਪੰਜਾਬੀ ਸਭਿਆਚਾਰ ਨੂੰ ਹੱਕ, ਸੱਚ, ਅਣਖ, ਅਧਿਕਾਰ ਅਤੇ ਅਜ਼ਾਦੀ ਲਈ ਜੂਝਣ ਵਾਲੇ ਸਭਿਆਚਾਰ ਦਾ ਨਾਂ ਦਿੱਤਾ।

ਸਮਾਗਮ ਦਾ ਦੂਸਰਾ ਅੱਧ ਕੁਝ ਸਾਹਿਤਕਾਰਾਂ ਅਤੇ ਪੱਤਰਕਾਰਾਂ ਨੂੰ ਸਨਮਾਨਿਤ ਕਰਨ ਦਾ ਸੀ।

ਇਸ ਅਵਸਰ ਉਤੇ ਸ: ਸਾਧੂ ਸਿੰਘ ਹਮਦਰਦ ਨੂੰ "ਸਰਵੋਤਮ ਖੋਜਕਾਰ", ਪ੍ਰੋ: ਕਿਰਪਾਲ ਸਿੰਘ ਕਸੇਲ ਨੂੰ "ਸ਼੍ਰੋਮਣੀ ਸਾਹਿਤਕਾਰ" ਦਾ ਸਨਮਾਨ ਦਿੱਤਾ ਗਿਆ ਅਤੇ ਸ: ਈਸ਼ਰ ਸਿੰਘ ਅਟਾਰੀ ਨੂੰ 'ਵਿਸ਼ਿਸ਼ਟ ਸੇਵਾ ਪੁਰਸਕਾਰ' ਪ੍ਰਦਾਨ ਕੀਤਾ ਗਿਆ। ਪਿਛਲੇਰੇ ਦੋ ਸਾਲਾਂ ਵਿਚ ਪ੍ਰਕਾਸ਼ਿਤ ਪੁਸਤਕਾਂ ਵਿਚੋਂ ਚੁਣੀਆਂ ਗਈਆਂ ਉਤਮ ਪੁਸਤਕਾਂ ਦੇ ਲੇਖਕਾਂ ਨੂੰ ਪ੍ਰਮਾਣ ਪੱਤਰ ਅਤੇ ਬੋਰਡ ਦੇ ਸਿਮਰਤੀ ਚਿੰਨ੍ਹ ਭੇਟ ਕੀਤੇ ਗਏ। ਜਿਹੜੇ ਲੇਖਕ ਪੁਰਸਕਾਰ ਲੈਣ ਪੁੱਜੇ, ਉਨ੍ਹਾਂ ਵਿਚ ਸਰਵ ਸ੍ਰੀ ਜਸਵੰਤ ਰਾਹੀ, ਇੰਦਰ ਸਿੰਘ ਖਾਮੋਸ਼, ਆਤਮਜੀਤ, ਹਰਜਿੰਦਰ ਦਿੱਲੋਂ, ਡਾ: ਰਤਨ ਸਿੰਘ ਜੱਗੀ, ਡਾ: ਚੰਦ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਅਮਰ ਚਿੱਤਰਕਾਰ, ਲੋਚਨ ਬਖਸ਼ੀ, ਹਰਨਾਮ ਦਾਸ ਸਹਿਰਾਈ, ਡਾ: ਜਗਤਾਰ, ਭਾਗ ਸਿੰਘ, ਗੋਬਿੰਦ ਸਿੰਘ ਲਾਂਬਾ, ਸੁਰਜੀਤ ਸਿੰਘ



Sri Satguru Jagjit Singh Ji Elibrary NamdhariElibrary@gmail.com

ਭਾਟੀਆ, ਵੇਦ ਅਗਨੀਹੋਤਰੀ, ਡਾ: ਬਲਦੇਵ ਰਾਜ ਗੁਪਤਾ, ਸ਼ਾਮਿਲ ਸਨ । ਯਮਲਾ ਜੱਟ ਅਤੇ ਮਹਿੰਦਰ ਜੀਤ ਸ਼ੇਖੋਂ ਨੇ ਲੋਕ ਗੀਤਾਂ ਤੇ ਵਾਰਾਂ ਰਾਹੀਂ ਪੰਜਾਬੀ ਸਭਿਆਚਾਰ ਦੀ ਝਲਕ ਪੇਸ਼ ਕੀਤੀ ।

ਕਈ ਸਾਲਾਂ ਦੇ ਐਲਾਨੇ ਅਤੇ ਆਪਣੇ 'ਮਾਲਕਾਂ' ਕੋਲ ਪਹੁੰਚਣ ਲਈ ਤਰਸਦੇ ਇਨ੍ਹਾਂ ਪੁਰਸਕਾਰਾਂ ਦੇ ਉਨ੍ਹਾਂ ਦੀਆਂ ਝੋਲੀਆਂ ਤੱਕ ਪਹੁੰਚਣ ਦੀ ਕਾਹਲ ਨੇ ਸਮਾਗਮ ਦੇ ਰਸਮੀਪਨ ਦੀ ਰੰਗਤ ਨੂੰ ਹੋਰ ਗੂੜ੍ਹਿਆਂ ਕਰ ਦਿਤਾ। ਸਮਾਗਮ ਦਾ ਚਾਰ ਘੰਟੇ ਲਗਾਤਾਰ ਚਲਣਾ ਅਤੇ ਸਾਹਿਤ-ਕਾਰਾਂ ਦੀ ਆਪੋ ਵਿਚ ਹੁੰਦੀ ਨਿੱਕੀ ਨਿੱਕੀ ਨੋਕ ਝੋਂਕ ਇਸ ਰਸਮੀਪਨ ਨੂੰ ਕੁਝ ਫਿੱਕਾ ਪਾ ਰਹੀ ਸੀ । ਸਮਾਗਮ ਦਾ ਅੰਤ ਚਾਹ ਪਾਰਟੀ ਵਿਚ ਤਬਦੀਲ ਨਾ ਹੋਣਾ ਇਸ ਸਮਾਗਮ ਦੀ ਇਕ ਹੋਰ ਵਿਸ਼ੇਸ਼ਤਾ ਸੀ । ਜਲੰਧਰ ਦੇ ਸਾਹਿਤਕ ਹਲਕੇ ਕਿਸੇ ਸਾਹਿਤ ਸਮਾਗਮ ਦਾ ਅਰਥ ਹੁਣ ਤੱਕ ਚਾਹ ਪਾਰਟੀ ਹੀ ਸਮਝਦੇ ਆਏ ਹਨ ਹੁਣ ਈਸ਼ਰ ਸਿੰਘ ਅਟਾਰੀ ਨੇ ਪਹਿਲੀ ਵਾਰ ਇਸ ਸੰਕਲਪ ਨੂੰ ਤੋੜ ਦਿਤਾ ਹੈ। ਸ਼ਾਇਦ ਉਹ ਇਹ ਸਮਝਦੇ ਹੋਣ ਕਿ 'ਕੌਮੀ ਏਕਤਾ ਦੀ ਕੁੰਜੀ-ਪੰਜਾਬੀ ਸਭਿਆਚਾਰ' ਵਰਗੇ ਵਿਸ਼ੇ ਨੂੰ ਚਾਹ ਦੀਆਂ ਚੁਸਕੀਆਂ ਵਿਚ ਰੁਲਾ ਦੇਣਾ ਠੀਕ ਨਹੀਂ, ਪਰ ਸਮਾਗਮ ਦਾ ਮਿੰਟਗੁਮਰੀ ਕਾਲਜ ਦੇ ਅਹਾਤੇ ਤੋਂ ਬਾਹਰ ਸੜਕ ਉਤੇ ਕੀਤੇ ਜਾਣਾ ਵੀ ਸਮਾਗਮ ਨੂੰ 'ਸਾਦਗੀ' ਪ੍ਰਦਾਨ ਕੀਤੇ ਜਾਣ ਦਾ ਅੰਗ ਸੀ ? ਮਿੰਟਗੁਮਰੀ ਕਾਲਜ ਦੀ ਪ੍ਰਬੰਧਕ ਕਮੇਟੀ ਵਿਚ ਵੀ ਈਸ਼ਰ ਸਿੰਘ ਅਟਾਰੀ ਬੜੇ ਪ੍ਰਭਾਵਸ਼ਾਲੀ ਵਿਅਕਤੀ ਹਨ—ਅਕਾਲੀ ਬੁਧੀਜੀਵੀਆਂ ਦੀ ਕਨਵੈਨਸ਼ਨ ਦਾ ਸੰਚਾਲਨ ਵੀ ਅਟਾਰੀ ਹੋਰਾਂ ਨੇ ਇਸੇ ਕਾਲਜ ਵਿਚ ਕੀਤਾ ਸੀ । ਲੋਕ ਸਭਾ ਦੇ ਸਾਬਕ ਸਪੀਕਰ ਸ: ਹੁਕਮ ਸਿੰਘ ਕੇਂਦਰੀ ਸਿੰਘ ਸਭਾ ਕਮੇਟੀ ਦੇ ਪ੍ਰਧਾਨ ਸਨ— ਇਨਾ ਦਿਨਾਂ ਵਿਚ ਉਹਨਾ ਦਾ ਦੇਹਾਂਤ ਹੋ ਗਿਆ ਹੋਣ ਕਾਰਨ ਕਿਹਾ ਜਾਂਦਾ ਹੈ ਕਿ ਪ੍ਰਬੰਧਕਾਂ ਨੇ ਸਮੀਖਿਆ ਬੋਰਡ ਨੂੰ ਇਹ ਸਮਾਗਮ ਕਾਲਜ ਦੇ ਅੰਦਰ ਨਾ ਕਰਨ ਦਿਤਾ ਭਾਵੇਂ ਕਿ ਸਮਾਗਮ ਵਿਚ ਅਟਾਰੀ ਸਾਹਿਬ ਨੇ ਸ: ਹੁਕਮ ਸਿੰਘ ਦਾ ਨਾਂਅ ਵੀ ਸ਼ਾਮਲ ਕਰ ਲਿਆ ਸੀ...ਫਲਸਰੂਪ ਇਹ ਸਮਾਗਮ ਕਾਲਜ ਦੇ ਬਾਹਰ ਗਲੀ ਵਿਚ ਹੀ ਕਰਨਾ ਪਿਆ । ਏਨੇ ਮਹਾਨ ਵਿਸ਼ੇ ਉਤੇ ਹੋਣ ਵਾਲਾ ਇਹ ਸਾਹਿਤਕ-ਸਭਿਆਚਾਰਕ ਸਮਾਗਮ ਕਾਲਜ ਦੇ ਪ੍ਰਬੰਧਕਾਂ ਦੇ ਵਹਿਮ-ਭਰਮ ਦਾ ਸ਼ਿਕਾਰ ਹੋ ਕੇ ਜਲਸਾ ਜਿਹਾ ਬਣ ਗਿਆ ਪ੍ਰਤੀਤ ਹੁੰਦਾ ਸੀ ।

*

**ਖੇਡ ਜਗਤ**

# ਕ੍ਰਿਕਟ ਦਾ ਨਵਾਂ ਸਰਦਾਰ

—ਰੇਸ਼ਮ ਸਿੰਘ

ਭਾਰਤੀ ਅਸੰਭਵ ਨੂੰ ਸੰਭਵ ਤਾਂ ਕਰ ਦਿਖਾਉਂਦੇ ਹਨ ਪਰ ਇਹ ਪਤਾ ਨਹੀਂ ਸੀ ਕਿ ਉਹ ਇਸ ਵਾਰ ਲਾਰਡਜ਼ ਦੇ ਮੈਦਾਨ ਵਿਚ ਸੰਸਾਰ ਨੂੰ ਪੁੱਠਾ ਕਰਨ ਜਾ ਰਹੇ ਹਨ । ਤਕੜੀ ਤੋਂ ਤਕੜੀ ਟੀਮ ਨੂੰ ਹਰਾਉਣ ਦੇ ਨਾਲ ਨਾਲ ਕਪਿਲ ਤੇ ਉਸਦੇ ਸਾਥੀਆਂ ਨੇ ਇਕ ਵਾਰ ਫਿਰ ਸਾਬਤ ਕੀਤਾ ਹੈ ਕਿ ਖੇਡ ਭਵਿਖਬਾਣੀਆਂ ਨੂੰ ਨਹੀਂ ਹੁਨਰ ਤੇ ਦ੍ਰਿੜ ਨਿਸਚੇ ਨੂੰ ਪਸੰਦ ਕਰਦੀ ਹੈ ।

ਖੇਡ ਨੇ ਆਪਣੀ ਪਸੰਦ ਦਾ ਇਜ਼ਹਾਰ ਇਟਲੀ ਨੂੰ ਸੰਸਾਰ ਫੁਟਬਾਲ ਚੈਂਪੀਅਨ ਬਣਾਕੇ, ਚੀਨ ਨੂੰ ਨੌਵੀਆਂ ਏਸ਼ੀਆਈ ਖੇਡਾਂ ਦਾ ਚੈਂਪੀਅਨ ਬਣਾਕੇ ਕੀਤਾ ਸੀ ਪਰ ਕ੍ਰਿਕਟ ਦੇ ਪੰਡਤਾਂ ਤੇ ਮਹਾਂਪੰਡਤਾਂ ਨੇ ਆਦਤ ਮੁਤਾਬਕ ਆਪਣੀਆਂ ਭਵਿਖਬਾਣੀਆਂ ਜਾਰੀ ਰਖੀਆਂ ਤੇ ਇਨ੍ਹਾਂ ਵੈਸਟ ਇੰਡੀਜ਼ ਅਤੇ ਇੰਗਲੈਂਡ ਤੇ ਆਸਟਰੇਲੀਆ ਤੋਂ ਛੁਟ ਬਾਕੀ ਪੰਜ ਟੀਮਾਂ ਨੂੰ ਇਕ ਕਿਸਮ ਨਾਲ ਨਿਮਾਣੀਆਂ ਕਰਾਰ ਦਿਤਾ ।

ਤੀਜੇ ਪਰੂਡੇਨਸ਼ਿਅਲ ਕਪ ਟਰਨਾਮੈਂਟ ਦੇ ਪਹਿਲੇ ਦਿਨ (੯ ਜੂਨ) ਹੀ ਮਾਹਰਾਂ ਦੇ ਸਿਰ ਚਕਰਾ ਗਏ ਜਦੋਂ ਗਰੁਪ 'ਬੀ' ਵਿਚ ਹਿੰਦ ਨੇ ਸਭ ਤੋਂ ਵਧ ਹਰਮਨ ਪਿਆਰੀ ਟੀਮ ਵੈਸਟ ਇੰਡੀਜ਼ ਨੂੰ ੩੪ ਤੇ ਜ਼ਿੰਬਾਬਵੇ, ਜਿਸ ਨੂੰ ਅਜੇ ਕ੍ਰਿਕਟ ਭਾਈਚਾਰੇ ਦਾ ਪੂਰਾ ਮੈਂਬਰ ਨਹੀਂ ਬਣਾਇਆ ਗਿਆ, ਨੇ ਸ਼ਕਤੀਸ਼ਾਲੀ ਆਸਟਰੇਲੀਆ ਨੂੰ ੧੩ ਦੌੜਾਂ ਨਾਲ ਚਿਤ ਕਰ ਦਿਤਾ । ਗਰੁਪ 'ਏ' ਵਿਚ ਇੰਗਲੈਂਡ ਨੇ



Sri Satguru Jagjit Singh Ji Elibrary NamdhariElibrary@gmail.com

ਨਿਊਜ਼ੀਲੈਂਡ ਨੂੰ ੧੧੬ (੩੩੨-੨੧੬) ਦੌੜਾਂ ਦੀ ਸ਼ਿਕਸਤ ਦਿਤੀ। ਘਟ ਹਰਮਨ ਪਿਆਰੀ ਸ੍ਰੀਲੰਕਾ ਟੀਮ ਪਾਕਿਸਤਾਨ ਦੇ ਰਿਕਾਰਡ ੩੩੮ ਦੇ ਸਕੋਰ ਨੂੰ ਛੂਹਣ ਵਿਚ ੫੦ ਦੌੜਾਂ ਪਿਛੇ ਰਹਿ ਗਈ ਪਰ ਉਸਨੇ ੨੮੮ ਦੌੜਾਂ ਬਣਾਕੇ ਮਗਰੋਂ ਬਲੇਬਾਜ਼ੀ ਕਰਨ ਵਾਲੀਆਂ ਟੀਮਾਂ ਦਾ ਨਵਾਂ ਸੰਸਾਰ ਰਿਕਾਰਡ ਕਾਇਮ ਕੀਤਾ ।

## ਰਿਕਾਰਡਾਂ ਦਾ ਦਿਨ

ਜਿਥੇ ਪਹਿਲਾ ਦਿਨ ਸਨਸਨੀ ਪੈਦਾ ਕਰਨ ਵਾਲਾ ਸੀ, ਉਥੇ ੧੧ ਜੂਨ ਜ਼ਾਤੀ ਰਿਕਾਰਡ ਕਾਇਮ ਕਰਨ ਵਾਲਾ ਸੀ। ਆਸਟਰੇਲੀਆ ਨੂੰ ੧੦੧ (੨੫੨-੧੫੧) ਦੌੜਾਂ ਨਾਲ ਹਰਾਉਣ ਸਮੇਂ ਵੈਸਟਇੰਡੀਜ਼ ਦੇ ਨਵੇਂ ਤੇਜ਼ ਗੇਂਦਬਾਜ਼ ਵਿਨਸਟਨ ਡੇਵਿਸ ਨੇ ੫੧ ਦੌੜਾਂ ਦੇ ਕੇ ੭ ਵਿਕਟਾਂ ਲੈ ਕੇ ਨਵਾਂ ਰਿਕਾਰਡ ਕਾਇਮ ਕੀਤਾ। ਜ਼ਿੰਬਾਬਵੇ ਦੀਆਂ ੧੫੫ ਦੌੜਾਂ ਉਤੇ ਹਿੰਦ ਦੀ ੫ ਵਿਕਟਾਂ ਦੀ ਜਿਤ ਵਾਲੇ ਮੈਚ ਵਿਚ ਸਈਅਦ ਕਿਰਮਾਨੀ ਨੇ ੫ ਕੈਚਾਂ ਲੈ ਕੇ ਵੈਸਟਇੰਡੀਜ਼ ਦੇ ਡੈਰੇਕ ਮੂਰੇ ਵਲੋਂ ੧੯੭੫ ਵਿਚ ਸ੍ਰੀਲੰਕਾ ਵਿਰੁਧ ੪ ਕੈਚਾਂ ਦਾ ਬਣਾਇਆ ਰਿਕਾਰਡ ਤੋੜਿਆ। ਨਿਊਜ਼ੀਲੈਂਡ ਵਿਰੁਧ ਖੇਡਦਿਆਂ ਪਾਕਿਸਤਾਨ ਦੀਆਂ ਮੁਢਲੀਆਂ ਤਿੰਨ ਵਿਕਟਾਂ ਸਿਫਰ ਦੇ ਸਕੋਰ ਤੇ ਡਿਗਣਾ ਵੀ ਅਵਸ਼ ਹੀ 'ਰਿਕਾਰਡ' ਹੋਵੇਗਾ ਜਿਸਨੇ ਉਨ੍ਹਾਂ ਨੂੰ ੫੨ (੨੩੮-੧੮੬) ਦੌੜਾਂ ਨਾਲ ਹਰਾਇਆ। ਪਾਕ ਵਾਂਗ ਇੰਗਲੈਂਡ ਨੇ ਵੀ ਲੰਕਾ ਵਿਰੁਧ ੩੩੩ ਦੌੜਾਂ ਦਾ ਸਕੋਰ ਖੜ੍ਹਾ ਕਰ ਦਿਤਾ ਸੀ ਜਿਸਦਾ ਉਨ੍ਹਾਂ ਪਹਿਲਾਂ ਵਾਂਗ ਹੌਸਲੇ ਨਾਲ ਪਿਛਾ ਕੀਤਾ ਪਰ ੪੭ ਦੌੜਾਂ ਪਿਛੇ ਰਹਿ ਗਏ।

## ਏਸ਼ੀਆ ਲਈ ਉਲਟਾ ਦਿਨ

੧੩ ਜੂਨ ਨੂੰ ਤੀਜੇ ਮੁਕਾਬਲਿਆਂ ਵਿਚ ਨਿਊਜ਼ੀਲੈਂਡ ਨੇ ਸ੍ਰੀਲੰਕਾ ਦੀਆਂ ੨੦੬ ਦੌੜਾਂ ਉਤੇ ੫ ਵਿਕਟਾਂ ਨਾਲ ਜਿਤ ਪ੍ਰਾਪਤ ਕਰਕੇ ਆਪਣੀ ਲਗਾਤਾਰ ਦੂਜੀ ਜਿਤ ਦਰਜ ਕੀਤੀ। ਪਰ ਪਾਕਿਸਤਾਨ (੧੯੩ ਦੌੜਾਂ) ਇਸ ਵਾਰ ਵੀ ਇੰਗਲੈਂਡ ਹਥੋਂ ੮ ਵਿਕਟਾਂ ਨਾਲ ਹਾਰ ਗਿਆ। ਇਹ ਦਿਨ ਏਸ਼ੀਆ ਦੀਆਂ ਟੀਮਾਂ ਦੀਆਂ ਹਾਰਾਂ ਦਾ ਦਿਨ ਸੀ। ਹਿੰਦ ਆਸਟਰੇਲੀਆ ਦੀਆਂ ੩੨੦ ਦੌੜਾਂ ਨੂੰ ਛੂੰਹਦਾ ੧੫੮ ਦੌੜਾਂ 'ਤੇ ਹੀ ਢਹਿ ਢੇਰੀ ਹੋ ਗਿਆ। ਵੈਸਟ ਇੰਡੀਜ਼ ਦੇ ਗ੍ਰੀਨਿਜ (੧੦੫) ਤੇ ਲਾਰੀ ਗੋਮਜ਼ (੭੫) ਵਿਚਾਲੇ ਤੀਜੀ ਵਿਕਟ ਦੀ ੧੯੫ ਦੌੜਾਂ ਦੀ ਅਟੁਟ ਭਾਈਵਾਲੀ ਨੇ ਜ਼ਿੰਬਾਬਵੇ (੨੧੭) ਉਤੇ ਫਤਹਿ ਦਿਵਾਈ।

ਡਬਲ ਲੈਗ ਅਧਾਰ 'ਤੇ ਖੇਡੇ ਗਏ ਟੂਰਨਾਮੈਂਟ ਦੇ ਦੂਜੇ ਗੇੜ ਵਿਚ ਹਿੰਦ ਨੂੰ ਜ਼ਬਰਦਸਤ ਧੱਕਾ ਲਗਾ ਜਦੋਂ ਉਹ ਆਸਟਰੇਲੀਆ ਤੋਂ ਬਾਅਦ ਵੈਸਟਇੰਡੀਜ਼ ਹਥੋਂ ੬੬ ਦੌੜਾਂ (੨੮੨-੨੧੬) ਨਾਲ ਹਾਰ ਗਿਆ। ਦੂਜੇ ਪਾਸੇ ਆਸਟਰੇਲੀਆ ਦੀ ਜ਼ਿੰਬਾਬਵੇ ਉਤੇ ੩੨ ਦੌੜਾਂ (੨੭੨-੨੪੦) ਦੀ ਜਿੱਤ ਨੇ ਉਸਦੇ ਸੈਮੀਫ਼ਾਈਨਲ ਮੌਕੇ ਰੌਸ਼ਨ ਕਰ ਦਿਤੇ। ਗਰੁਪ 'ਏ' ਵਿਚ ਇਕ ਦਿਲਚਸਪ ਮੈਚ ਵਿਚ ਅਬਦੁਲ ਕਾਦਿਰ ਨੇ ੪੪ ਦੌੜਾਂ ਦੇ ਕੇ ੫ ਵਿਕਟਾਂ ਲੈਕੇ ਸ੍ਰੀਲੰਕਾ ਵਿਰੁਧ ਪਾਕਿਸਤਾਨ ਨੂੰ ੧੧ ਦੌੜਾਂ (੨੩੫-੨੨੪) ਦੀ ਜਿੱਤ ਦਿਵਾਈ। ਦੋ ਹਾਰਾਂ ਤੋਂ ਬਾਅਦ ਪ੍ਰਾਪਤ ਕੀਤੀ ਇਸ ਜਿਤ ਵਿਚ ਡਾਕਟਰਾਂ ਵਲੋਂ ਗੇਂਦਬਾਜ਼ੀ ਤੋਂ ਰੋਕੇ ਗਏ ਇਮਰਾਨ ਦੀਆਂ ੧੦੨ ਦੌੜਾਂ (ਨਾਟ ਆਊਟ) ਦਾ ਵੀ ਅਹਿਮ ਰੋਲ ਰਿਹਾ। ਨਿਊਜ਼ੀਲੈਂਡ ਨੇ ਇੰਗਲੈਂਡ (੨੩੪) ਨੂੰ ੨ ਵਿਕਟਾਂ ਨਾਲ ਹਰਾਕੇ ਉਸਦੇ ਸਰਪਟ ਦੌੜਦੇ ਘੋੜੇ ਨੂੰ ਰੋਕਿਆ ।

## ਐਤਵਾਰ ਕਪਿਲ ਦੇ ਨਾਂ

੧੮ ਜੂਨ ਦਾ ਦਿਨ ਭਾਰਤੀ ਕਪਤਾਨ ਕਪਿਲ ਦੇਵ ਦੇ ਨਾਂ ਨਾਲ ਯਾਦ ਕੀਤਾ ਜਾਏਗਾ ਜਿਸਨੇ ਜ਼ਿੰਬਾਬਵੇ ਦੇ ਗੇਂਦਬਾਜ਼ਾਂ ਹਥੋਂ ਟੁੱਟੇ ਲੱਕ ਨੂੰ ੧੪ ਚੌਕਿਆਂ ਤੇ ੬ ਛੱਕਿਆਂ ਨਾਲ ਸਿੱਧਾ ਕਰਕੇ ਭਾਰਤ ਨੂੰ ਮੁੜ ਨੌਬਰਨੌਂ ਕੀਤਾ। ਉਸ ਦੀਆਂ ਰਿਕਾਰਡ ੧੭੫ ਦੌੜਾਂ (ਨਾਟ ਆਊਟ) ਨਾਲ ਹਿੰਦ ਨੇ ੨੬੭ ਦੌੜਾਂ ਇਕਠੀਆਂ ਕਰਕੇ ੩੨ ਦੌੜਾਂ ਦੀ ਜਿੱਤ ਹਾਸਲ ਕੀਤੀ। ਕਪਿਲ ਉਸ ਵੇਲੇ ਆਇਆ ਸੀ ਜਦੋਂ ੧੨ ਦੌੜਾਂ 'ਤੇ ੪ ਖਿਡਾਰੀ ਉਡ ਚੁਕੇ ਸੀ। ਵੈਸਟਇੰਡੀਜ਼ ਨੇ ਆਸਟਰੇਲੀਆ (੨੭੩) ਨੂੰ ੭ ਵਿਕਟਾਂ ਨਾਲ ਹਰਾਇਆ। ਗਰੁਪ 'ਏ' ਵਿਚ ਸ੍ਰੀਲੰਕਾ ਨੇ ਨਿਊਜ਼ੀਲੈਂਡ (੧੮੧) ਨਾਲ ਇਕ ਦਿਲਚਸਪ ਮੈਚ ਵਿਚ ਉਸਨੂੰ ੩ ਵਿਕਟਾਂ ਨਾਲ ਹਰਾ ਦਿਤਾ। ਇੰਗਲੈਂਡ ਨੇ ਪਾਕਿਸਤਾਨ ਦੀਆਂ ੨੩੨ ਦੌੜਾਂ ਤੋਂ ਵਧ ਦੌੜਾਂ ੩ ਖਿਡਾਰੀਆਂ ਨਾਲ ਹੀ ਬਣਾ ਲਈਆਂ। ਇਥੋਂ ਤਕ ਮੁਕੇ ਟੂਰਨਾਮੈਂਟ ਦੇ ਗਰੁਪ 'ਬੀ' ਵਿਚੋਂ ਵੈਸਟਇੰਡੀਜ਼ ਦਾ ਤੇ 'ਏ' ਵਿਚੋਂ ਇੰਗਲੈਂਡ ਦਾ ਸੈਮੀ-ਫਾਈਨਲ 'ਚ ਖੇਡਣਾ ਨਿਸਚਤ ਹੋ ਗਿਆ ਸੀ। ਗਰੁਪ 'ਬੀ' ਵਿੱਚ ਹਿੰਦ ਤੇ ਆਸਟਰੇਲੀਆ ਦੇ ਬਰੋ-ਬਰਾਬਰ ਨੰਬਰ ਸਨ ਤੇ 'ਏ' ਵਿਚ ਨਿਊਜ਼ੀਲੈਂਡ ਪਾਕਿਸਤਾਨ ਤੋਂ ਅਗੇ ਸੀ।



Sri Satguru Jagjit Singh Ji Elibrary NamdhariElibrary@gmail.com

ਦੂਜੇ ਗੇੜ ਦੇ ਸਮਾਪਤੀ ਮੈਚ ਵਿਚ ਵੈਸਟ ਇੰਡੀਜ ਸ੍ਰੀਲੰਕਾ (੧੭੧ ਦੌੜਾਂ) ਨੂੰ ਅਸਾਨੀ ਨਾਲ (੧੦ ਵਿਕਟਾਂ) ਹਰਾਕੇ ਆਸ ਮੁਤਾਬਕ ਸੈਮੀਫਾਈਨਲ ਵਿਚ ਪੁਜਾ। ਪਿਛਲੇ ਦੋ ਟੂਰਨਾਮੈਂਟਾਂ ਵਿਚ ਕੇਵਲ ਪੂਰਬੀ ਅਫਰੀਕਾ ਨੂੰ ਹੀ ਹਰਾ ਸਕਣ ਵਾਲੇ ਹਿੰਦ ਨੇ ਆਸਟਰੇਲੀਆ ਨੂੰ ੧੧੮ ਦੌੜਾਂ (੨੪੭-੧੨੯) ਨਾਲ ਹਰਾਕੇ ਸੰਸਾਰ ਕ੍ਰਿਕਟ ਨੂੰ ਇਕ ਹੋਰ ਝਟਕਾ ਦਿਤਾ। ਗਰੁਪ 'ਏ' ਵਿਚੋਂ ਇੰਗਲੈਂਡ ਵੀ ਸ੍ਰੀਲੰਕਾ (੧੩੬) ਨੂੰ ਅਸਾਨੀ ਨਾਲ (੯ ਵਿਕਟਾਂ) ਨਾਲ ਹਰਾਕੇ ਤੇ ਪਕਿਸਤਾਨ ਜ਼ਹੀਰ ਅੱਬਾਸ (੧੦੩ ਨਾਟ ਆਊਟ) ਤੇ ਇਮਰਾਨ ਖਾਨ (੭੯ ਨਾਟ ਆਊਟ) ਦੀ ਅਟੁਟ ਭਾਈਵਾਲੀ ਨਾਲ ਨਿਊਜ਼ੀਲੈਂਡ ਨੂੰ ੧੧ ਦੌੜਾਂ ਨਾਲ ਹਰਾਕੇ ਦੂਜੇ ਟੂਰਨਾਮੈਂਟ ਵਾਂਗ ਸੈਮੀਫਾਈਨਲ 'ਚ ਦਾਖਲ ਹੋਇਆ। ਚਸ਼ਮਾਧਾਰੀ ਜ਼ਹੀਰ ਦੀਆਂ ੧੦੩ ਦੌੜਾਂ ਕਿਸੇ ਪਾਕਿਸਤਾਨੀ ਖਿਡਾਰੀ ਵਲੋਂ ਟੂਰਨਾਮੈਂਟ ਵਿਚ ਸਭ ਤੋਂ ਵਧ ਦੌੜਾਂ ਸਨ।

ਓਲਡ ਟ੍ਰੈਫੋਰਡ ਦੇ ਮੈਦਾਨ ਵਿਚ ਕਪਿਲ, ਰੋਜਰ ਬਿੰਨੀ ਤੇ ਅਮਰਨਾਥ ਦੀਆਂ ਗੇਂਦਾਂ ਨੇ ਇੰਗਲੈਂਡ ਦੇ ਬੱਲੇ-ਬਾਜ਼ਾਂ ਅਤੇ ਸ੍ਰੀਕਾਂਤ (੧੯) ਗਵਾਸਕਰ (੨੫) ਅਮਰਨਾਥ (੪੬) ਯਸ਼ਪਾਲ ਸ਼ਰਮਾ (੬੧) ਤੇ ਸੰਦੀਪ ਪਾਟਿਲ (੫੧ ਨਾਟਆਊਟ) ਦੇ ਬੱਲਿਆਂ ਨੇ ਇੰਗਲੈਂਡ ਦੇ ਗੇਂਦਬਾਜ਼ਾਂ ਨੂੰ ਨਚਾ ਦਿਤਾ ਤੇ ਇੰਗਲੈਂਡ ਦੀਆਂ ੨੧੩ ਦੌੜਾਂ ਉਤੇ ੬ ਵਿਕਟਾਂ ਦੀ ਬਿਹਤਰੀਨ ਜਿੱਤ ਹਾਸਲ ਕੀਤੀ। ਪਾਕਿਸਤਾਨ ਦੀਆਂ ੧੮੪ ਦੌੜਾਂ ਵੈਸਟ ਇੰਡੀਜ਼ ਦੀਆਂ ਕੇਵਲ ਦੋ ਵਿਕਟਾਂ ਦੀ ਮਾਰ ਸਨ।

ਇੰਗਲੈਂਡ ਦੀਆਂ ਅਖਬਾਰਾਂ, ਰੇਡੀਓ ਤੇ ਟੈਲੀਵੀਯਨ ਆਪਣੀ ਟੀਮ ਨੂੰ ਫਾਈਨਲ ਵਿਚ ਪਹੁੰਚਾਈ ਬੈਠੇ ਸਨ ਪਰ ਮੈਚ ਤੋਂ ਬਾਅਦ ਕਪਤਾਨ ਬੋਬ ਵਿਲੀਜ਼ ਨੇ ਕਿਹਾ: "ਸਾਨੂੰ ਭਾਰਤ ਨੇ ਖੇਡ ਦੇ ਹਰ ਹਿੱਸੇ ਵਿਚ ਪਛਾੜਿਆ।"

ਅੰਦਰੋਂ ਬਾਹਰੋਂ ਇਕੋ ਜਿੰਨੇ ਰਸ਼ ਵਾਲੇ ਲਾਰਡਜ਼ ਮੈਦਾਨ ਵਿਚ ੨੫ ਜੂਨ ਨੂੰ ਉਹ ਘੜੀ ਆ ਗਈ ਜਿਸ ਦੀ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਕਪਿਲ ਤੇ ਉਸਦੀ ਟੀਮ ਤੋਂ ਬਿਨਾਂ ਸ਼ਾਇਦ ਹੀ ਕਿਸੇ ਨੇ ਆਸ ਰਖੀ ਸੀ। ਉਲਟ ਆਸ ਵਾਲੇ ਉਦੋਂ ਸਹੀ ਸਾਬਤ ਹੁੰਦੇ ਜਾਪੇ ਜਦੋਂ 'ਮਹਾਨ' ਵੈਸਟ ਇੰਡੀਜ਼ ਅਗੇ ਭਾਰਤੀ ਖਿਡਾਰੀ ਛੇਤੀ ਛੇਤੀ ਉਡਦੇ ਗਏ ਤੇ ਸਕੋਰ ਮਸੀਂ ੧੮੩ ਤਕ ਹੀ ਪੁਜ ਸਕਿਆ। ਦੁਨੀਆ ਦਾ ਸਭ ਤੋਂ ਤਕੜਾ ਬੱਲੇਬਾਜ਼ ਵਿਵਨ ਰਿੱਚਰਡਜ਼ ਵੈਸਟ ਇੰਡੀਜ਼ ਦਾ ਸਕੋਰ ਇਕ ਵਿਕਟ ਪਿਛੇ ੫੦ ਤਕ ਲੈ ਗਿਆ ਤਾਂ ਕੁਮੈਂਟਰੀ ਦੇਣ ਵਾਲੇ ਵੀ ਵੈਸਟ ਇੰਡੀਜ਼ ਦੇ ਲਗਾਤਾਰ ਤੀਜੀ ਵਾਰ ਚੈਂਪੀਅਨ ਬਣਨ ਦੀਆਂ ਗੱਲਾਂ ਕਰਨ ਲਗ ਪਏ। ਪਰ ਔਖੇ ਵੇਲੇ ਕੰਮ ਆਉਣ ਵਾਲੇ ਮਦਨ ਨੇ ਰਿਚਰਡਜ਼ ਨੂੰ ਆਊਟ ਕਰ ਦਿਤਾ ਤੇ ਇਸ ਤੋਂ ਬਾਅਦ ਵੈਸਟ ਇੰਡੀਜ਼ ਦਾ ਪਤਨ ਸ਼ੁਰੂ ਹੋ ਗਿਆ। ੭੬ ਦੇ ਸਕੋਰ ਤਕ ਉਸਦੇ ੬ ਖਿਡਾਰੀ ਆਊਟ ਹੋ ਗਏ। ਅੰਤ ਹਿੰਦ, ਮੈਚ ਸਮਾਪਤੀ ਤੋਂ ੪੮ ਗੇਂਦਾਂ ਪਹਿਲਾਂ ਹੀ ੪੩ ਦੌੜਾਂ ਨਾਲ ਪਿਛਲੇ ਚੈਂਪੀਅਨ ਨੂੰ ਹਰਾਕੇ ਚੈਂਪੀਅਨ ਬਣ ਗਿਆ।

ਚੈਂਪੀਅਨ ਬਣਨ ਪਿਛੋਂ ਕਪਤਾਨ ਕਪਿਲ ਨੇ ਕਿਹਾ: "ਇਸ ਵਾਰ ਫੀਲਡਿੰਗ ਦੀਆਂ ਕਮਜ਼ੋਰੀਆਂ ਕਢ ਦਿਤੀਆਂ ਸਨ ਤੇ ਸਭ ਤੋਂ ਵਧਕੇ ਇਹ ਜਿੱਤ ਟੀਮ ਭਾਵਨਾ ਦੀ ਸੀ।" ੧੯੭੫ ਤੋਂ ਬਾਅਦ ਕਿਸੇ ਭਾਰਤੀ ਟੀਮ ਵਿਚ ਟੀਮ ਭਾਵਨਾ ਨਜ਼ਰ ਆਈ ਤੇ ਉਹ ਜਿਤ ਲਿਆਈ। ਪਹਿਲੇ ਗੇੜ ਵਿਚ ਵੈਸਟ ਇੰਡੀਜ਼ ਨੂੰ ਉਦਘਾਟਨੀ ਮੈਚ ਵਿਚ ਹਰਾਉਣ ਵਿਚ ਜਿਥੇ ਯਸ਼ਪਾਲ (੬੬ ਦੌੜਾਂ) ਰਵੀ ਸ਼ਾਸਤਰੀ (੩੬/੩) ਤੇ ਰੋਜਰ ਬਿੰਨੀ (੪੮/੩), ਜ਼ਿੰਬਾਬਵੇ ਨੂੰ ਹਰਾਉਣ ਵਿਚ ਸੰਦੀਪ ਪਾਟਿਲ ਦੀਆਂ ਤੇਜ਼ ੫੦ ਦੌੜਾਂ ਤੇ ਦੂਜੇ ਗੇੜ ਵਿਚ ਜ਼ਿੰਬਾਬਵੇ ਨੂੰ ਹਰਾਉਣ ਵਿਚ ਕਪਿਲ ਦੀਆਂ ਯਾਦਗਾਰੀ ੧੭੫ ਦੌੜਾਂ, ਆਸਟਰੇਲੀਆ ਨੂੰ ਹਰਾਉਣ ਵਿਚ ਬਿੰਨੀ ਦੀ ਮਾਰੂ ਗੇਂਦਬਾਜ਼ੀ ਅਤੇ ਸੈਮੀਫਾਈਨਲ ਵਿਚ ਇੰਗਲੈਂਡ ਨੂੰ ਹਰਾਉਣ ਵਿਚ ਮਹਿੰਦਰ (੪੬) ਯਸ਼ਪਾਲ (੬੧) ਤੇ ਸੰਦੀਪ (੫੧) ਦੀ ਬੱਲੇਬਾਜ਼ੀ ਅਤੇ ਵੈਸਟ ਇੰਡੀਜ਼ ਨੂੰ ਹਰਾਉਣ ਵਿਚ ਮਦਨ ਤੇ ਮਹਿੰਦਰ ਦੀ ਕਸਵੀਂ ਗੇਂਦਬਾਜ਼ੀ ਦਾ ਅਹਿਮ ਰੋਲ ਸੀ ਉਥੇ ਪੀਡੀ ਫੀਲਡਿੰਗ ਨੇ ਮਹਾਂਬਲੀ ਬੱਲੇਬਾਜ਼ਾਂ ਨੂੰ ਦੌੜਾਂ ਬਣਾਉਣ ਦੀ ਆਗਿਆ ਨਹੀਂ ਦਿਤੀ।

ਇਕ ਦਿਨਾ ਮੈਚਾਂ ਵਿਚ ਹਿੰਦ ਨੇ ਆਪਣੀ ਸ਼ਕਤੀ ਦਾ ਵਿਖਾਵਾ ਕਰ ਦਿਤਾ ਹੈ ਪਰ ੫ ਦਿਨਾਂ ਟੈਸਟ ਮੈਚਾਂ ਵਿਚ ਅਜੇ ਵੀ ਉਸਨੂੰ ਸਖਤ ਸੰਘਰਸ਼ ਕਰਨਾ ਪੈਣਾ ਹੈ। ਕਪਿਲ ਨੇ ਠੀਕ ਹੀ ਕਿਹਾ ਹੈ,"ਟੈਸਟ ਮੈਚਾਂ ਲਈ ਸਾਨੂੰ ਘਟੋ ਘਟ ਦੋ ਚੰਗੇਫਿਰਕੀ ਗੇਂਦਬਾਜ਼ ਲੋੜੀਂਦੇ ਹਨ।ਸਾਨੂੰ ਜਿੱਤਦੀ ਖੁਸ਼ੀ ਵਿਚ ਹੀ ਨਹੀਂ ਖੁਭੇ ਰਹਿਣਾ ਚਾਹੀਦਾ ਸਗੋਂ ਅਗਲੇ ਟਾਕਰਿਆਂ ਦਾ ਸਾਹਮਣਾ ਕਰਨ ਦੀ ਤਿਆਰੀ ਵਿਚ ਹੁਣ ਤੋਂ ਹੀ ਜੁਟ ਜਾਣਾ ਚਾਹੀਦਾ।"



Sri Satguru Jagjit Singh Ji Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 258411
" : 250345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.





Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

## ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCRETE MIXER 7/5

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 505454

# BALWANT SINGH & SONS

Office : 4E/11 JHANDEWALA EXTN.
NEW DELHI 110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji Elibrary NamdhariElibrary@gmail.com

WITH BEST COMPLIMENTS FROM :

# Harbhajan Sarbjeet & Associates

ENGINEERS & CONTRACTORS

*Head office :*
*551 GHA/5 Rama Street,*
*Alam Bagh LUCKNOW-226005*
*Phone : 51510.*

*Administrative office :*
*306-N-I-SECTOR-C CI CO*
*NEW AURANGABAD-431003*
*Grams : NAMDHARI*
*Phone : 3587.*

**Major works completed :-**

Construction of Earth work, bridges
Deep rock cutting & Tunnels of
third ghat line in between Kasara-
Igatpuri and Karjat-Lonavla sections
of Central Railway-Bombay
Costing Rs 2 84 Crores

Construction of Earth work in Deep rock
cutting for foundations of
Thermal Power Station of Rajasthan
State Electricity Board, Kota (Rajasthan)
Costing Rs. 1.76 Crores

Construction of Paithan Right Bank
Canal & C. D. works of Jayakwadi
Project Aurangabad (Maharashtra)
Costing Rs. 4 10 Crores

**Major work in hand :-**

Construction of barrage across
Godavari river and R C.C. Pump House
at Vishnupuri Project
Nanded (Maharashtra)
Costing Rs. 12 65 Crores

Construction of 2.5 Km long
Waranga Tunnel and Isapur Right
Bank Canal of Upper Penganga Project
Nanded (Maharashtra)
Costing Rs 3.47 Crores



Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM July, 1
Registered with the registerar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

# ਅਸ਼ੋਕਾ ਬਿਸਕੁਟ




PHONES 565693
212667

ਵਪਾਰਕ ਜਾਣਕਾਰੀ ਲਈ ਸੰਪਰਕ:

**Sri Hari Partap Trading Centre**
**6-7 A SAROJANI PARK, SHASTRI NAGAR, DELHI-31**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ, ਹੈਦਰਾਬਾਦ (ਏ.ਪੀ.)

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com